Estd. 2000

April · 2025
Year - 09
Edition - 01
Total Page 16

Anual Subcription 500/-

Regd. Office :
1195, Ajit Nagar Moga
Pin : 142001 (Pb.) INDIA

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

## 'Mehak Watan Di Live' • ਲਾਈਵ

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ * ਉਪ ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ

Regd No. PUNPUN 04016 * Helpline 9988-92-9988, Email:mehakwatandilive.com www.mehakwatandilive.com

## ਪੂਰੀ ਸ਼ਰਧਾ, ਸਤਿਕਾਰ ਅਤੇ ਧੂਮਧਾਮ ਨਾਲ ਮਨਾਇਆ ਗਿਆ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੀ ਯਾਦ ਵਿਚ ਸਲਾਨਾ ਸ਼ਹੀਦੀ ਜੋੜ ਮੇਲਾ ਤੇ ਸੰਤ ਨਛੱਤਰ ਸਿੰਘ ਜੀ ਦੀ ਯਾਦ ਵਿਚ ਸਲਾਨਾ ਸਮਾਗਮ, ਲੱਖਾਂ ਸੰਗਤਾਂ ਹੋਈਆਂ ਨਤਮਸਤਕ



ਮੇਰੇ ਕੋਲ ਅਜਿਹੇ ਕੋਈ ਸ਼ਬਦ
ਨਹੀਂ ਹਨ ਜਿਨ੍ਹਾਂ ਦੁਆਰਾ ਮੈਂ
ਆਈਆਂ ਹੋਈਆਂ ਸੰਗਤਾਂ ਅਤੇ
ਸੇਵਾ ਨਿਭਾਉਣ ਵਾਲੇ ਸੇਵਾਦਾਰਾਂ
ਦਾ ਧੰਨਵਾਦ ਕਰ ਸਕਾਂ
ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ





## Happy Baisakhi

'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਆਪ ਜੀ ਨੂੰ ਖ਼ਾਲਸੇ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ !

ਵਿਸਾਖੀ ਦੇ ਤਿਉਹਾਰ ਦੀ ਧਾਰਮਿਕ, ਇਤਿਹਾਸਕ ਅਤੇ ਆਰਥਿਕ ਮਹੱਤਤਾ

## ਵਿਸਾਖੀ ਦਾ ਦਿਹਾੜਾ ਤੇ ਪੰਜ ਪਿਆਰਿਆਂ ਦਾ ਅਦੁੱਤੀ ਸੰਕਲਪ



# ਖਾਲਸੇ ਦੇ ਜਨਮ ਦਿਹਾੜੇ ਵਿਸ਼ਾਖੀ ਤੇ ਵਿਸ਼ੇਸ਼ ਸਪਲੀਮੈਂਟ



ਸਮੂੰਹ ਸੰਗਤ ਨੂੰ ਵਿਸ਼ਾਖੀ ਦੇ ਦਿਹਾੜੇ ਦੀਆਂ ਲੱਖ-ਲੱਖ ਮੁਬਾਰਕਾਂ ਅਤੇ ਇਸ ਸਪਲੀਮੈਂਟ ਵਿੱਚ ਸਹਿਯੋਗ ਦੇਣ ਵਾਲੇ ਸੰਤਾਂ ਮਹਾਪੁਰਖਾਂ ਦਾ ਹਾਰਦਿਕ ਧੰਨਵਾਦ!

ਵੱਲੋ: **ਭਵਨਦੀਪ ਸਿੰਘ ਪੁਰਬਾ** (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ) ਵਟਸਐਪ: 9988-92-9988

## ਸੱਚਖੰਡ ਵਾਸੀ ਮਹਾਂਪੁਰਖਾਂ ਦਾ ਅਸ਼ੀਰਵਾਦ



ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲੇ



ਸੰਤ ਬਾਬਾ ਹੀਰਾ ਸਿੰਘ ਜੀ ਖੁਖਰਾਣੇ ਵਾਲੇ



ਸੰਤ ਬਾਬਾ ਨਛੱਤਰ ਸਿੰਘ ਜੀ ਚੰਦ ਪੁਰਾਣੇ ਵਾਲੇ



ਬਾਬਾ ਬਲਦੇਵ ਸਿੰਘ ਜੀ ਮੰਡੀਰਾਂਵਾਲੇ

## ਅਸ਼ੀਰਵਾਦ ਅਤੇ ਵਿਸ਼ੇਸ਼ ਸਹਿਯੋਗ



ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣੇ (ਮੋਗਾ) ਵਾਲੇ | ਸੰਤ ਬਾਬਾ ਸੁਰਿੰਦਰ ਸਿੰਘ ਜੀ ਸੁਭਾਨਾ (ਜਲੰਧਰ) ਵਾਲੇ | ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣੇ ਵਾਲੇ | ਬਾਬਾ ਪਵਨਦੀਪ ਸਿੰਘ ਜੀ ਕੜਿਆਲ ਵਾਲੇ | ਬਾਬਾ ਜਗਤਾਰ ਸਿੰਘ ਜੀ ਵੜ੍ਹਿਆਂ ਵਾਲੇ | ਬਾਬਾ ਰਾਮ ਸਿੰਘ ਜੀ ਧਰਮਕੋਟ (ਮੋਗਾ) ਵਾਲੇ | ਬਾਬਾ ਬਿਬੇਕ ਸਿੰਘ ਜੀ ਜੰਡਿਆਲਾ ਗੁਰੂ | ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ ਵਾਲੇ | ਬਾਬਾ ਜਸਵੀਰ ਸਿੰਘ ਜੀ ਲੋਹਾਰੇ ਵਾਲੇ




## ਧੰਨ-ਧੰਨ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆਂ ਦੀ

# ਸਲਾਨਾ 25ਵੀ ਬਰਸ਼ੀ

10 ਅਪ੍ਰੈਲ 2025 ਦਿਨ ਵੀਰਵਾਰ ਨੂੰ

**ਗੁਰਦੁਆਰਾ ਸੰਤ ਬਾਬਾ ਨੰਦ ਸਿੰਘ ਜੀ ਪਿੰਡ ਲੋਹਾਰਾ**

ਵਿਖੇ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਈ ਜਾਵੇਗੀ।

ਬਰਸ਼ੀ ਦੇ ਸਬੰਧ ਵਿੱਚ ਸ਼੍ਰੀ ਅਖੰਡ ਪਾਠ ਸਾਹਿਬ 8 ਅਪ੍ਰੈਲ 2025 ਨੂੰ ਆਰੰਭ ਹੋਣਗੇ। ਮਿਤੀ 10 ਅਪ੍ਰੈਲ 2025 ਨੂੰ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਣਗੇ।

**ਬਰਸ਼ੀ ਸਮਾਗਮ ਦੌਰਾਨ 9 ਅਪ੍ਰੈਲ 2025 ਨੂੰ ਦਸਤਾਰ ਮੁਕਾਬਲੇ ਕਰਵਾਏ ਜਾਣਗੇ, 10 ਅਪ੍ਰੈਲ 2025 ਨੂੰ ਸਮੂਹਿਕ ਵਿਆਹ ਅਤੇ 8 ਤੇ 9 ਅਪ੍ਰੈਲ 2025 ਨੂੰ ਕਬੱਡੀ ਟੂਰਨਾਮੈਂਟ ਹੋਵੇਗਾ।**

ਆਪ ਜੀ ਨੂੰ ਇਨ੍ਹਾਂ ਸਮਾਗਮਾਂ ਵਿੱਚ ਹਾਜਰ ਹੋਣ ਦਾ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ ਜੀ!



ਮੁੱਖ ਸੇਵਾਦਾਰ: **ਬਾਬਾ ਜਸਵੀਰ ਸਿੰਘ ਜੀ ਲੋਹਾਰਾ**
ਅਤੇ ਸਮੂੰਹ ਸਾਧ ਸੰਗਤ। Mob. 95017-70065




**ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ।**

## ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ



ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ

ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।

ਇਸ ਅਸਥਾਨ ਤੇ ਸੰਗਤਾਂ ਦਸਵੀ ਦੇ ਦਿਹਾੜੇ ਤੇ ਪ੍ਰਸ਼ਾਦਾ ਲੈ ਕੇ ਆਉਂਦੀਆਂ ਹਨ।

ਇਸ ਪਵਿੱਤਰ ਅਸਥਾਨ ਤੇ ਉਹ ਥੜ੍ਹਾਂ ਸਾਹਿਬ ਅਤੇ ਬੇਰੀ ਸੰਸੋਭਿਤ ਹੈ ਜਿਥੇਂ ਬਾਬਾ ਹੀਰਾ ਸਿੰਘ ਜੀ ਨੇ ਭਗਤੀ ਕੀਤੀ ਸੀ। ਇਸ ਜਗ੍ਹਾਂ ਤੇ ਸਰਧਾਂ ਨਾਲ ਆਉਣ ਵਾਲੀ ਸੰਗਤ ਦੀਆਂ ਮੁਰਾਦਾ ਪੂਰੀਆਂ ਹੁੰਦੀਆਂ ਹਨ।



ਬੇਨਤੀ ਕਰਤਾ : ਸੇਵਾਦਾਰ
ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ ਵਾਲੇ
ਸੰਪਰਕ : 62800-15996
ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ




**ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ।**

With best wishes from:



## ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣੇ ਵਾਲੇ

ਮੁੱਖ ਸੇਵਾਦਾਰ :

**ਗੁ. ਸਾਹਿਬ ਦੂੱਖ ਭੰਜਨਸਰ**

ਸੀਨੀ. ਮੀਤ ਪ੍ਰਧਾਨ: ਗੁਰ ਸ਼ਬਦ ਪ੍ਰਚਾਰ ਸੰਤ ਸਮਾਜ,
ਮੈਂਬਰ: ਖਾਲਸਾ ਐਕਸ਼ਨ ਕਮੇਟੀ, ਸ੍ਰਪਰਸਤ: ਦੁੱਖ ਭੰਜਨ ਸੇਵਾ ਸੁਸਾਇਟੀ ਖੁਖਰਾਣਾ

ਇਸ ਪਵਿੱਤਰ ਅਸਥਾਨ ਤੇ ਐਤਵਾਰ ਦਾ ਦਿਹਾੜਾ ਮਨਾਇਆ ਜਾਂਦਾ ਹੈ। ਕੀਰਤਨੀਏ ਅਤੇ ਰਾਗੀ ਢਾਡੀ ਹਾਜਰੀ ਭਰਦੇ ਹਨ ਅਤੇ ਮਹਾਪੁਰਖ ਆਪਣੇ ਪ੍ਰਵਰਨਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹਨ।

ਜਾਰੀ ਕਰਤਾ: **ਬਲਜਿੰਦਰ ਸਿੰਘ 'ਗੋਰਾ ਖੁਖਰਾਣਾ'** ਮੋ. 98153-11318




**ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ।**



ੴ ਸਤਿਗੁਰ ਪ੍ਰਸਾਦਿ॥
"ਧੰਨ ਧੰਨ ਬਾਬਾ ਨਰਾਇਣ ਹਰੀ ਜੀ" "ਧੰਨ ਧੰਨ ਬਾਬਾ ਪਾਲਾ ਸਿੰਘ ਜੀ"



## ਗੁਰਦੁਆਰਾ ਬਾਬਾ ਪਾਲਾ ਸਿੰਘ ਜੀ ਕੜਿਆਲ

ਸਮੂੰਹ ਸੰਗਤ ਦਾ ਸਲਾਨਾ ਸਮਾਗਮ ਵਿੱਚ ਹਾਜਰ ਹੋਣ ਤੇ ਧੰਨਵਾਦ! ਜੀ ਆਇਆ ਨੂੰ



ਮੁੱਖ ਸੇਵਾਦਾਰ

## ਸੰਤ ਬਾਬਾ ਪਵਨਦੀਪ ਸਿੰਘ ਜੀ

ਕੜਿਆਲ ਵਾਲੇ

## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਵਿਸਾਖੀ ਦੇ ਤਿਉਹਾਰ ਦੀ ਧਾਰਮਿਕ, ਇਤਿਹਾਸਕ ਅਤੇ ਆਰਥਿਕ ਮਹੱਤਤਾ

ਤਿਉਹਾਰ ਕਿਸੇ ਕੌਮ ਦੀ ਪਹਿਚਾਣ ਹੁੰਦੇ ਹਨ ਇਨਾ ਤਿਉਹਾਰਾ ਪਿੱਛੇ ਸਾਡੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹੁੰਦੀਆ ਹਨ। ਹਰ ਧਰਮ ਦੇ ਲੋਕ ਆਪਣੇ-ਆਪਣੇ ਪੈਰੋਕਾਰਾਂ ਦੇ ਦੱਸੇ ਅਨੁਸਾਰ ਇਹ ਤਿਉਹਾਰ ਮਨਾਉਂਦੇ ਆ ਰਹੇ ਹਨ। ਪਰ ਤਿਉਹਾਰ ਪਿਛੇ ਕੋਈ ਨਾ ਕੋਈ ਇਤਿਹਾਸ ਹੁੰਦਾ ਹੈ। ਸਮਾਂ ਬੀਤਣ ਦੇ ਨਾਲ ਚਾਹੇ ਉਹ ਮਕਸਦ ਨਹੀਂ ਰਹਿੰਦਾ ਪਰ ਰੀਤੀ ਰਿਵਾਜ਼ ਉਸੇ ਤਰ੍ਹਾਂ ਹੀ ਚਲਦੇ ਰਹਿੰਦੇ ਹਨ। ਜੇਕਰ ਪੰਜਾਬੀ ਵਿਰਸੇ ਦੇ ਤਿਉਹਾਰ ਤੇ ਝਾਤ ਮਾਰੀਏ ਤਾਂ ਪੰਜਾਬੀ ਵਿਰਸੇ ਵਿਚ ਵਿਸਾਖੀ ਦਾ ਤਿਉਹਾਰ ਬਹੁਤ ਵੱਡੀ ਅਹਿਮੀਅਤ ਰੱਖਦਾ ਹੈ। ਵਿਸਾਖੀ ਦੇਸ਼ਾਂ-ਵਿਦੇਸ਼ਾਂ ਵਿਚ, ਭਾਰਤ ਦੇ ਹੋਰ ਕਈ ਹਿੱਸਿਆਂ ਵਿਚ ਅਤੇ ਸਾਰੇ ਪੰਜਾਬ ਵਿਚ ਬਹੁਤ ਲੋਕਪ੍ਰਿਆ ਹੈ। ਬੇਸ਼ੱਕ ਹੋਰ ਕਈ ਤਿਉਹਾਰ ਹਨ ਪਰ ਵਿਸਾਖੀ ਦੀ ਆਪਣੀ ਵੱਖਰੀ ਹੀ ਪਛਾਣ ਹੈ। ਤਿਉਹਾਰ ਕਿਸੇ ਦੇਸ਼ ਜਾਂ ਕੌਮ ਦਾ ਧਾਰਮਿਕ ਜਾਂ ਇਤਿਹਾਸਕ ਵਿਰਸਾ ਹੁੰਦਾ ਹੈ। ਪਰੰਤੂ ਵਿਸਾਖੀ ਦੇ ਤਿਉਹਾਰ ਦੀ ਮਹੱਤਤਾ ਧਾਰਮਿਕ ਹੈ, ਇਤਿਹਾਸਕ ਵੀ ਹੈ ਅਤੇ ਆਰਥਿਕ ਵੀ ਹੈ।

ਆਰਥਿਕ ਪੱਖ ਵਿਚਾਰਿਏ ਤਾਂ ਸਾਡੇ ਜਿਹਨ ਵਿਚ ਸ਼ਰਬਤੀ ਦਾਣਿਆਂ ਨਾਲ ਲੱਦੀਆਂ ਕਣਕਾਂ ਝੂਮਦੀਆਂ ਦਿਸਦੀਆਂ ਹਨ। ਕਿਸਾਨ ਦੀ ਛੇ ਮਹੀਨਿਆਂ ਦੀ ਮਿਹਨਤ ਨਾਲ ਪੁੱਤਾਂ ਵਾਂਗ ਪਾਲੀਆਂ ਇਹ ਕਣਕਾਂ ਕਟਾਈ ਲਈ ਤਿਆਰ ਹੁੰਦੀਆਂ ਹਨ। ਕਿਸਾਨ ਦੀਆਂ ਅੱਖਾਂ ਵਿਚ ਸਜੋਏ ਉਦਾਸ ਜਿਹੇ ਖੁਸ਼ੀਆਂ ਭਰੇ ਸੁਪਨੇ ਪੂਰੇ ਹੋਣ ਦਾ ਵੇਲਾ ਆ ਗਿਆ ਹੁੰਦਾ ਹੈ। ਮਸ਼ੀਨੀ ਯੁੱਗ ਕਰਕੇ ਕਣਕਾਂ ਦੀ ਕਟਾਈ-ਗਹਾਈ ਸਿਰਫ ਕੁਝ ਦਿਨਾਂ ਵਿਚ ਹੀ ਪੂਰੀ ਹੋ ਜਾਂਦੀ ਹੈ। ਕਈ ਵਾਰ ਕਿਸਾਨ ਆੜ੍ਹਤੀਆਂ ਨਾਲ ਹਿਸਾਬ ਕਰਕੇ ਖਾਲੀ ਪੱਲਾ ਝਾੜਦਾ ਘਰ ਆ ਜਾਂਦਾ ਹੈ। ਸਾਰੇ ਦੇਸ਼ ਦਾ ਢਿੱਡ ਭਰਨ ਵਾਲਾ ਆਪਣੇ ਬੱਚਿਆਂ ਦਾ ਢਿੱਡ ਵੀ ਨਹੀਂ ਭਰ ਸਕਦਾ। ਕਰਜਾਈ ਹੁੰਦੇ ਦੇ ਵੀ ਪੈਰ ਢੋਲ ਦੇ ਡਗੇ ਤੇ ਥਿਰਕਣ ਲੱਗਦੇ ਹਨ ਅਤੇ ਹਾਣੀਆਂ ਨਾਲ ਭੰਗੜੇ ਅਤੇ ਬੋਲੀਆਂ ਪਾ ਕੇ ਗ਼ਮਾਂ ਨੂੰ ਭੁਲਾ ਕੇ ਖੁਸ਼ੀਆਂ ਮਨਾਉਣ ਦੀ ਕੋਸ਼ਿਸ਼ ਕਰਦਾ ਹੈ।

ਵਿਸਾਖੀ ਦਾ ਦੂਜਾ ਪੱਖ ਧਾਰਮਿਕ ਹੈ। ਇਸੇ ਹੀ ਦਿਨ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਨਿਤਾਣੀ ਤੇ ਲਿਤਾੜੀ ਹੋਈ ਕੌਮ ਨੂੰ ਅੰਮ੍ਰਿਤ ਛਕਾ ਪਾਹੁਲ ਪਿਲਾਕੇ ਗਿਦੜੋਂ ਸ਼ੇਰ ਬਣਾ ਦਿੱਤਾ। ਪੰਜ ਪਿਆਰੇ ਸਾਜਕੇ ਕੌਮ ਨੂੰ ਇਕ ਵਿਲੱਖਣ ਸ਼ਾਨ ਦਿੱਤੀ। ਇਹ ਪੰਜੇ ਸਿੰਘ ਵੱਖ-ਵੱਖ ਜਾਤਾਂ ਵਿਚੋਂ ਅਤੇ ਵੱਖ-ਵੱਖ ਪ੍ਰਾਂਤਾਂ ਵਿਚ ਲੈ ਕੇ ਕੌਮ ਨੂੰ ਨਵੀਂ ਸੇਧ ਦਿੱਤੀ। ਗੁਰੂ ਜੀ ਨੇ ਜਾਤ-ਪਾਤ ਅਤੇ ਪ੍ਰਾਂਤਾਂ ਨੂੰ ਇਕੋ ਰੂਪ ਕਰ ਦਿੱਤਾ। ਸਿੰਘ ਬਣਾ ਦਿੱਤੇ ਇਥੇ ਹੀ ਬਸ ਨਹੀਂ ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਬੇਨਤੀ ਕਰਕੇ ਉਨ੍ਹਾਂ ਤੋਂ ਅੰਮ੍ਰਿਤ ਛਕਿਆ। ਇਸ ਤਰ੍ਹਾਂ ਗੁਰੂ-ਚੇਲੇ ਦੇ ਭੇਦ ਨੂੰ ਵੀ ਖਤਮ ਕਰ ਦਿੱਤਾ। ਇਸ ਤਰ੍ਹਾਂ ਦੀ ਮਿਸਾਲ ਦੁਨੀਆਂ ਵਿਚ ਕਿਧਰੇ ਵੀ ਨਹੀਂ ਮਿਲਦੀ। ਪਰ ਅੱਜ ਅਸੀਂ ਇਨ੍ਹਾਂ ਅਸੂਲਾਂ ਤੋਂ ਮੁਨਕਰ ਹੋ ਕੇ ਫਿਰ ਜਾਤਾਂ ਪਾਤਾਂ ਵਿਚ ਵੰਡੇ ਗਏ ਹਾਂ। ਇਥੋਂ ਤੱਕ ਕਿ ਗੁਰਦੁਆਰਿਆਂ ਮੰਦਰਾਂ ਆਦਿ ਦੇ ਨਾਂ ਵੀ ਧਰਮਾਂ-ਜਾਤਾਂ-ਪਾਤਾਂ ਦੇ ਨਾਂ ਤੇ ਰੱਖ ਲਏ ਹਨ। ਜਿਵੇਂ ਇਹ ਰਾਮਗੜ੍ਹੀਆਂ ਦਾ ਗੁਰਦੁਆਰਾ ਹੈ, ਇਹ ਰਾਮਦਾਸੀਆਂ ਦਾ ਗੁਰਦੁਆਰਾ ਹੈ ਅਤੇ ਇਹ ਟਾਂਕਸ਼ਤਰੀਆਂ ਦਾ ਹੈ। ਅਸੀਂ ਵਿਸਾਖੀ ਦੇ ਮਹੱਤਵ ਨੂੰ ਵੀ ਤਾਂ ਸਮਝ ਸਕਦੇ ਹਾਂ ਜੇਕਰ ਅਸੀਂ ਜਾਤ-ਪਾਤ ਤੋਂ ਉੱਪਰ ਉਠ ਕੇ ਰਲ ਕੇ ਦਿਲੋਂ ਇਕ ਹੋ ਕੇ ਇਸ ਤਿਉਹਾਰ ਨੂੰ ਮਨਾਈਏ।

ਇਸ ਦਾ ਇਕ ਮਹੱਤਵ ਇਤਿਹਾਸਕ ਹੈ। ਇਤਫਾਕ ਨਾਲ ਇਸੇ ਹੀ ਦਿਨ ਅੰਮ੍ਰਿਤਸਰ ਵਿਚ ਜਲ੍ਹਿਆਂ ਵਾਲੇ ਬਾਗ ਵਿਚ ਇਕੱਠੇ ਹੋਏ ਮਾਸੂਮ ਲੋਕਾਂ ਨੂੰ ਗੋਲੀਆਂ ਨਾਲ ਭੁੰਨਿਆ ਜਾ ਰਿਹਾ ਸੀ। ਇਸ ਘਟਨਾ ਦੀ ਕਲਪਨਾ ਕਰਕੇ ਇਨਸਾਨੀ ਰੂਹ ਕੰਬ ਉੱਠਦੀ ਹੈ। ਉਹ ਰਾਜ ਕਰਨ ਦੀ ਖਾਤਰ ਲੋਕਾਂ ਤੇ ਅੱਤਿਆਚਾਰ ਕਰਦੇ ਰਹੇ। ਜੇ ਅੱਜ ਅਸੀਂ ਆਪਣੇ ਹੀ ਦੇਸ਼ ਵਿਚ ਝਾਤ ਮਾਰਦੇ ਹਾਂ ਤਾਂ ਉਸ ਤੋਂ ਵੀ ਘਿਨਾਉਣੇ ਕਾਰੇ ਹੋ ਰਹੇ ਹਨ। ਕਿਸੇ ਰੇਲ ਗੱਡੀਆਂ ਨੂੰ ਅੱਗਾਂ ਲਾ ਕੇ ਬੇਮਸੂਮਾਂ ਨੂੰ ਜਲਾਇਆ ਜਾ ਰਿਹਾ ਹੈ ਤੇ ਕਿਸੇ ਬਦਲਾ ਲੈਣ ਲਈ ਛੁਰਿਆਂ-ਹਥਿਆਰਾਂ ਨਾਲ ਇਕੋ ਦਿਨ ਵਿਚ ਸੈਂਕੜੇ ਆਦਮੀ ਕਤਲ ਕੀਤੇ ਜਾ ਰਹੇ ਹਨ। ਜਾਇਦਾਦਾਂ ਫੂਕੀਆਂ ਜਾ ਰਹੀਆਂ। ਅੱਜ ਮਨੁੱਖਤਾ ਬਾਰੇ ਸੋਚਣ ਦੀ ਲੋੜ ਹੈ। ਹੰਕਾਰ ਨੂੰ ਸਾੜਨ ਦੀ ਲੋੜ ਹੈ ਨਫ਼ਰਤ ਨੂੰ ਕਤਲ ਕਰਨ ਦੀ ਲੋੜ ਹੈ।

ਆਓ ਅਸੀਂ ਪਰਨ ਕਰੀਏ ਕਿ ਰਲ ਮਿਲਕੇ ਪਿਆਰ ਨਾਲ ਦੁੱਖ-ਸੁੱਖ ਸਾਂਝੇ ਕਰੀਏ ਤਾਂ ਜੋ ਤਿਉਹਾਰ ਦੀ ਖੁਸ਼ੀ ਆਪਣਿਆਂ ਦੇ ਸੰਗ ਦੂਣੀ ਚੌਣੀ ਹੋ ਜਾਵੇ। ਵਿਸਾਖੀ ਦਾ ਤਿਉਹਾਰ ਗਿੱਧੇ ਅਤੇ ਭੰਗੜੇ ਤੋਂ ਬਿਨਾਂ ਅਧੂਰਾ ਮੰਨਿਆਂ ਜਾਂਦਾ ਹੈ। ਇਹ ਤਿਉਹਾਰ ਸਾਨੂੰ ਯਾਦ ਕਰਵਾਈ ਰੱਖਦੇ ਹਨ ਕਿ ਸਾਡਾ ਪੁਰਾਤਣ ਵਿਰਸਾ ਕਿਹੋ ਜਿਹਾ ਸੀ ਅਸੀਂ ਉਨ੍ਹਾਂ ਸਮਿਆਂ ਨੂੰ ਯਾਦ ਰੱਖਿਏ ਕਿਤੇ ਅਸੀਂ ਤੇਜ਼ ਰਫਤਾਰ ਜ਼ਿੰਦਗੀ ਵਿਚ ਆਪਸੀ ਭਾਈਚਾਰਾ, ਮਿਲਵਰਤਨ ਤੇ ਅਪਨਤ ਨੂੰ ਭੁਲਾ ਨਾ ਦੇਈਏ। ਰੱਬ ਅੱਗੇ ਇਹੋ ਅਰਜੋਈਆਂ ਹਨ ਕਿ ਆਉਣ ਵਾਲੇ ਸਮੇਂ ਵਿਚ ਵੀ ਇਸੇ ਤਰ੍ਹਾਂ ਵਿਸਾਖੀ ਦੇ ਮੇਲੇ ਲੱਗਦੇ ਰਹਿਣਗੇ ਤੇ ਗਿੱਧੇ ਤੇ ਭੰਗੜੇ ਪੈਂਦੇ ਰਹਿਣਗੇ।


ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

Monthly 'Mehak Watan Di Live' Moga ● ਲਾਈਵ

Title Regd. No. PunPun-04016 | Year 9 | Edition 1 | Issue Date 01-04-2025



ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ

ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ

ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ

ਇੰਚਾਰਜ (ਪ੍ਰਿੰਟਿੰਗ ਵਿਭਾਗ) : ਸੁਖਜੀਤ ਸਿੰਘ ਵਾਲੀਆ

ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ

ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ

ਵਿਸ਼ੇਸ਼ ਪ੍ਰਤੀਨਿਧ ਕੈਨੇਡਾ : ਗੁਰਸੇਵਕ ਸਿੰਘ ਪੁਰਬਾ

ਫੋਟੋਗ੍ਰਾਫ਼ਰ/ਕੈਮਰਾਮੈਨ (ਵਲੰਟੀਅਰ) : ਉਮੰਗਦੀਪ ਕੌਰ ਪੁਰਬਾ, ਏਕਮਜੋਤ ਸਿੰਘ ਪੁਰਬਾ

ਸਟਾਫ਼ ਪ੍ਰੈਸ ਫੋਟੋਗ੍ਰਾਫਰ : ਮਨਮੋਹਨ ਸਿੰਘ ਚੀਮਾ






## ਸਾਡੇ ਮਾਣਯੋਗ ਵਿਸ਼ੇਸ਼ ਪੱਤਰਕਾਰ ਪ੍ਰਤੀਨਿਧ !

ਰਾਜਵਿੰਦਰ ਰੌਂਤਾ (ਨਿਹਾਲ ਸਿੰਘ ਵਾਲਾ)
ਰਜਿੰਦਰ ਸਿੰਘ ਕੋਟਲਾ (ਬਾਘਾ ਪੁਰਾਣਾ)
ਹਰਜਿੰਦਰ ਸਿੰਘ ਬੱਡੂਵਾਲੀਆਂ (ਧਾਰਮਿਕ ਪ੍ਰਤੀਨਿਧ)
ਡਾ. ਜਗਤਾਰ ਸਿੰਘ ਪਰਮਿਲ (ਨਾਹਲ ਖੋਟੇ)
ਰਾਜਿੰਦਰ ਖੋਸਾ (ਤਾਰੇਵਾਲਾ)
ਕੁਲਦੀਪ ਸਿੰਘ ਸੈਂਭੀ
ਹਰਪ੍ਰੀਤ ਸਿੰਘ ਹੈਪੀ ਦੋਸਾਂਝ (ਧਰਮਕੋਟ)
ਜਸਵਿੰਦਰ ਕੌਰ ਜੱਸੀ (ਜਲੰਧਰ)
ਹਰਜੀਤ ਕੌਰ ਗਿੱਲ (ਜਲੰਧਰ)
ਸ਼ਵਿੰਦਰ ਸਿੰਘ ਗਿੱਲ ਤਾਰੇਵਾਲਾ (ਨਵਾਂ ਮੋਗਾ)
ਕੁਲਵਿੰਦਰ ਸਿੰਘ ਰਾਮੂੰਵਾਲਾ
ਦਰਸ਼ੀ ਭੱਟੀਵਾਲ (ਲਿਵਲਾਨ) ਫ਼ਿਲਮੀ ਪ੍ਰਤੀਨਿਧ
ਮਹਿੰਦਰ ਸਿੰਘ ਮੇਹਨਤੀ
ਵਿਸ਼ਾਲ ਸਿੰਘ (ਸ਼੍ਰੀ ਅੰਮ੍ਰਿਤਸਰ ਸਾਹਿਬ)
ਡਾ. ਸਰਬਜੀਤ ਕੌਰ ਬਰਾੜ (ਸਾਹਿਤਕ ਪ੍ਰਤੀਨਿਧ)
ਬਲਦੇਵ ਸਿੰਘ ਆਜ਼ਾਦ (ਦੌਧਰ)
ਸੁਖਜੀਤ ਕੌਰ ਸਾਰੋ (ਕੈਨੇਡਾ)
ਕਰਮਜੀਤ ਸਿੰਘ ਭਲੂਰ
ਮਨਿੰਦਰ ਮੋਗਾ (ਇੰਚਾਰਜ : ਵੈੱਬ ਟੀ.ਵੀ.)
ਸਿਮਰਜੀਤ ਸਿੰਘ ਲਾਹੌਰੀਆ
(ਇੰਚਾਰਜ/ਟੈਕਨੀਕਲ : ਆਨਲਾਇਨ ਅਖ਼ਬਾਰ)



**ਰਜਿਸਟਰ ਆਫ਼ਿਸ**
ਬਸਤੀ ਗੋਬਿੰਦਗੜ੍ਹ, 1195,
ਅਜੀਤ ਨਗਰ ਮੋਗਾ (ਪੰਜਾਬ)

**ਪ੍ਰੈੱਸ ਆਫ਼ਿਸ**
ਅੱਡਾ ਹੁਸ਼ਿਆਰਪੁਰ ਚੌਂਕ, ਮਾਈ ਹੀਰਾ ਗੇਟ
ਜਲੰਧਰ (ਪੰਜਾਬ)

ਸੰਪਰਕ
Office : 01636-501620
Help Line : 9988-92-9988
Website : www.mehakwatandilive.com
E-mail : mehakwattandi@rediffmail.com
mehakwatandilive.tv@gmail.com
Facebook : Mehak Watan Di Live
Youtube : Mehak Watan Di Live
Instagram : mehakwatandilive
Twiter : mehakwatandilive



ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਟਾਇਪ ਕਰਕੇ ਮੈਗਜ਼ੀਨ ਦੀ ਈ-ਮੇਲ ਜਾਂ ਵਟਸਐਪ ਨੰਬਰ 'ਤੇ ਭੇਜੀਆਂ ਜਾਣ ਜੀ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।



ਡਿਜ਼ਾਇਨਿੰਗ :
**Walia Enterprises**
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692



**ਵਿਸ਼ੇਸ ਨੋਟ**
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।




# ਵਿਸਾਖੀ ਦਾ ਦਿਹਾੜਾ ਤੇ ਪੰਜ ਪਿਆਰਿਆਂ ਦਾ ਅਦੁੱਤੀ ਸੰਕਲਪ



ਪੰਜਾਬ ਦੇ ਕਲਚਰ, ਮਜ਼ਹਬ ਤੇ ਸਿਆਸਤ ਦੀ ਤਵਾਰੀਖ ਵਿੱਚ ਵੈਸਾਖੀ ਜਾਂ ਵੈਸਾਖ ਮਹੀਨ ਦੀ ਪਹਿਲੀ ਤਾਰੀਖ ਦੀ ਖਾਸ ਜਗ੍ਹਾ ਹੈ। ਵੈਸਾਖੀ ਨਵੇਂ ਸਾਲ ਦੀ ਸ਼ੁਰੂਆਤ ਕਰਦੀ ਹੈ। ਕਣਕਾਂ ਦਾ ਹਰਿਆ ਭਰਿਆ ਰੰਗ ਦਿਨਾਂ 'ਚ ਹੀ ਸੁਨਹਿਰੀ ਰੰਗ 'ਚ ਬਦਲ ਜਾਂਦਾ ਹੈ। ਇਕੱਲੇ ਕਿਸਾਨ ਨੂੰ ਨਹੀਂ ਸਗੋਂ ਇਸ ਅਨਾਜ ਭਰੇ ਹਾੜ੍ਹੀ ਦੇ ਮੌਸਮ ਨਾਲ ਕਿਰਤੀ ਵਰਗ ਤੋਂ ਲੈ ਕੇ ਸ਼ਹਿਰ ਦੇ ਆੜ੍ਹਤੀਏ ਅਤੇ ਸਾਰੇ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੇ ਹੋਏ ਲੋਕਾਂ ਨੂੰ ਚਾਅ ਵੀ ਹੁੰਦਾ ਹੈ। ਸਰਦੀ ਜਾ ਕੇ ਗਰਮੀ ਆਉਂਦੀ ਹੈ ਤੇ ਮੌਸਮ ਦੀ ਤਬਦੀਲੀ ਆਉਂਦੀ ਹੈ। ਚਾਰੇ ਪਾਸੇ ਨਵੀਂ ਰੁੱਤ ਦਾ ਆਗਾਜ਼ ਹੁੰਦਾ ਹੈ। ਬਾਣੀ 'ਚ ਵੀ ਬਾਰਾਂ ਮਾਂਹ ਦਾ ਜ਼ਿਕਰ ਆਉਂਦਾ ਹੈ :-

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥

****

ਖੇਤਾਂ 'ਚ ਲਹਿ ਲਹਿਰਾਉਂਦੀਆਂ ਫਸਲਾਂ ਕਿਸਾਨ ਨੂੰ ਖੁਸ਼ੀ ਵਿੱਚ ਝੂਮਣ ਲਾ ਦਿੰਦੀਆਂ ਹਨ। ਕਿਉਂਕਿ ਕਿਸਾਨ ਨੇ ਵੀ ਉਸ ਫਸਲ 'ਤੇ ਹੀ ਕਈ ਆਸਾਂ ਲਾਈਆਂ ਹੁੰਦੀਆਂ। ਇਸ ਬਹਾਰ ਭਰੇ ਮੌਸਮ ਨੂੰ ਧਨੀ ਰਾਮ ਚਾਤ੍ਰਿਕ ਆਪਣੀ ਇੱਕ ਕਵਿਤਾ 'ਚ ਇਵੇਂ ਜ਼ਿਕਰ ਕਰਦਾ ਹੈ :-

ਆ ਗਿਆ ਵਿਸਾਖ ਚੇਤ ਗਿਆ ਲੰਘ ਏ।
ਕਣਕਾਂ ਦਾ ਹੋ ਗਿਆ ਸੁਨਹਿਰੀ ਰੰਗ ਏ।
ਬਾਗਾਂ ਉਤੇ ਰੰਗ ਫੇਰਿਆ ਬਹਾਰ ਨੇ।
ਬੇਰੀਆਂ ਲਫਾਈਆਂ ਟਹਿਣੀਆਂ ਦੇ ਭਾਰ ਨੇ।

......................................

......................................

ਕੱਛੇ ਮਾਰ ਵੰਝਲੀ ਅਨੰਦ ਛਾ ਗਿਆ।
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

.................................

ਵਿਸਾਖੀ ਦਾ ਦਿਹਾੜਾ ਜਿੱਥੇ ਫਸਲ ਪਖੋਂ ਜਾਂ ਅਨਾਜ ਪਖੋਂ ਤੇ ਮੌਸਮ ਪਖੋਂ ਵਿਸ਼ੇਸ਼ ਥਾਂ ਰੱਖਦਾ ਹੈ ਉਤੇ ਸਿਖ ਤਵਾਰੀਖ ਦੀਆਂ ਬਹੁਤ ਸਾਰੀਆਂ ਘਟਨਾਵਾਂ ਅਤੇ ਜਮਾਨਾ ਬਦਲਣ ਦੇਣ ਵਾਲੀਆਂ ਗੱਲਾਂ ਦੇ ਪਿਛੋਕੜ ਵਿੱਚ ਇਸ ਦਿਨ ਦੀ ਆਪਣੀ ਮਹੱਤਤਾ ਹੈ।

ਅਨੰਦਪੁਰ ਸਾਹਿਬ ਦੀ ਧਰਤੀ ਨੂੰ ਮਾਣ ਪ੍ਰਾਪਤ ਹੈ। ਅਨੰਦਪੁਰ ਦੇ ਨਾਂ 'ਤੇ ਹੀ ਸਾਨੂੰ ਪਤਾ ਲੱਗਦਾ ਹੈ ਅਨੰਦ ਦੀ ਪ੍ਰਾਪਤੀ। ਸੋ ਇਸ ਅਨੰਦਾਂ ਦੀ ਭਰੀ ਧਰਤੀ....

ਇਸ ਧਰਤੀ ਨੂੰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ 9ਵੇਂ ਪਾਤਸ਼ਾਹ ਨੇ ਕਹਿਲੂਰ ਦੇ ਪਹਾੜੀ ਚੰਪਾ ਤੋਂ 500 ਰੁਪਏ ਲੈ ਕੇ 1665 ਈਸਵੀਂ 'ਚ ਵਸਾਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਹਦਾ ਨਾਂ ਜੋ ਆਪਣੀ ਸਤਿਕਾਰਯੋਗ ਮਾਤਾ ਚੱਕ ਨਾਨਕੀ ਰੱਖਿਆ। ਸੋ ਏਸੇ ਹੀ ਧਰਤੀ ਤੇ ਸੰਨ 1699 ਈਸਵੀਂ ਵੈਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਪ੍ਰਗਟ ਕੀਤਾ। ਇਸ ਐਲਾਨ ਨਾਲ ਉਸ ਵਕਤ ਦੀ ਸਿਆਸੀ ਤੇ ਮਜ਼ਹਬੀ ਫਿਲਾਸਫੀ ਦੇ ਰਹਿੰਦ ਖੂੰਹਦ ਨੂੰ ਚੈਲਿੰਜ ਕੀਤਾ। ਸੁਕਰਾਤ, ਪਲੈਟੋ, ਅਰਸਤੂ, ਮੇਕਿਆਵਲੀ, ਚਾਣਕਿਆ, ਮਨੂੰ ਦੀ ਸਿਆਸੀ ਫਿਸਾਸਫੀ ਜੋ ਉਦੋਂ ਜਿੱਥੇ ਬਾਸੀ ਹੋ ਗਈ ਸੀ, ਉਥੇ ਉਹ ਨਾ ਕਾਮਯਾਬ ਵੀ ਹੋ ਨਿਬੜੀ ਸੀ। ਪੰਜਵੇਂ ਪਾਤਸ਼ਾਹ ਸ਼ਹੀਦਾਂ ਦੇ ਸਿਰਤਾਜ ਜੀ ਦੀ ਸ਼ਹਾਦਤ ਤੋਂ ਬਾਦ ਜਦ 6ਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੌਕੇ ਤੇ ਹਾਲਾਤ ਵੇਖਦੇ ਹੋਏ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਤੋਂ ਬਾਦ ਹਾਲਤ ਹੀ ਕੁਝ ਐਸੇ ਹੋ ਗਏ ਸਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹੋਰ ਕੋਈ ਰਾਹ ਨਾ ਦਿਸਦਾ ਵੇਖ ਕੇ ਖਾਲਸਾ ਪ੍ਰਗਟ ਕਰਨ ਦਾ ਮਨ ਬਣਾ ਲਿਆ। ਉਸ ਵਕਤ ਦੁਨਿਆਵੀ ਹਾਕਮਾਂ ਤੇ ਦੁਨਿਆਵੀ ਤਖਤ ਅਜੀਬ ਕਾਰਵਾਈਆਂ ਰੱਤੇ ਹੋਏ ਸਨ। ਇਹ ਕਾਰਵਾਈਆਂ ਗੈਰ ਇਨਸਾਨੀ ਤੇ ਬੇ-ਅਸੂਲੀਆਂ, ਬੇ-ਇਨਸਾਫੀ ਭਰੀਆਂ ਤੇ ਅਣਚਾਹੀਆਂ ਤੇ ਉਸ ਅਕਾਲ ਪੁਰਖ ਵਾਹਿਗੁਰੂ ਤੇ ਸਦੀਵੀ ਹੁਕਮ ਦੇ ਉਲਟ ਸਨ। ਪਾਤਸ਼ਾਹ ਝੂਠਾ ਪਾਤਸ਼ਾਹ ਸੀ, ਸਰਕਾਰ ਝੂਠੀ ਸਰਕਾਰ ਸੀ, ਅਹਿਲਕਾਰ, ਝੂਠੇ ਅਹਿਲਕਾਰ ਸਨ, ਸ਼ਾਹੀ ਹੁਕਮ ਝੂਠੇ ਹੁਕਮ ਸਨ, ਫਰਮਾਨ ਝੂਠੇ ਫਰਮਾਨ ਸਨ, ਤਖਤ ਝੂਠੇ ਤਖਤ ਸਨ, ਸੱਚ ਕੀ ਸੀ? ਹਕੀਕਤ ਕੀ ਸੀ? ਅਕਾਲ ਪੁਰਖ ਦਾ ਹੁਕਮ ਕੀ ਸੀ? ਇਹ ਸਾਰੇ ਵਿੱਚੋਂ ਅਪੋਲ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵੱਡੇ ਵਡੇਰਿਆਂ ਜੋ ਬਾਬਾ ਨਾਨਕ ਜੀ ਤੋਂ ਲੈ ਕੇ 9ਵੇਂ ਪਾਤਸ਼ਾਹ ਤੱਕ ਜੋ ਵਤੀਰਾ ਜਾਂ ਜੋ ਜਬਰ ਜ਼ੁਲਮ ਸਮਕਾਲੀ ਹਕੂਮਤਾਂ ਵਲੋਂ ਹੁੰਦਾ ਆਇਆ ਸੀ। ਸਭ ਧਿਆਨ ਗੋਚਰੇ ਰੱਖਦੇ ਹੋਏ ਉਹਨਾਂ ਸਿਧਾਂਤਾਂ ਨੂੰ ਪਰਪੱਕ ਰੂਪ 'ਚ ਸਿਰਜਿਆ ਤੇ ਸਥਾਪਤ ਕੀਤਾ ਜੋ ਬੀਜ ਰੂਪ 'ਚ ਆਪ ਜੀ ਨੂੰ ਵਿਰਾਸਤ ਵਿੱਚੋਂ ਮਿਲੇ ਸਨ। ਉਹਨਾਂ ਸਿਧਾਂਤਾਂ ਨੂੰ ਅਸੀਂ ਮੁੱਖ ਰੂਪ ਵਿੱਚ ਹੇਠ ਲਿਖੇ ਅਨੁਸਾਰ ਦਰਸਾ ਸਕਦੇ ਹਾਂ।

1. ਸ਼ਕਤੀ ਦਾ ਵਿਕੇਂਦਰੀਕਰਨ
2. ਲੋਕਤੰਤਰੀ ਢਾਂਚੇ ਦੀ ਸਥਾਪਨਾ
3. ਭਗਤੀ ਤੇ ਸ਼ਕਤੀ ਦਾ ਸੁਮੇਲ
4. ਸਭਿਆਚਾਰਕ ਸੁਤੰਤਰਤਾ ਦਾ ਅਦਰਸ਼
5. ਨੈਤਿਕਤਾ ਤੇ ਜ਼ੋਰ

ਖਾਲਸਾ ਸਾਜਨਾ ਦੀ ਇਸ ਰੂਹਾਨੀ ਘਟਨਾ ਨੇ ਸੰਸਾਰ ਭਰ ਦੇ ਇਤਿਹਾਸ ਨੂੰ ਪ੍ਰਭਾਵਿਤ ਕੀਤਾ। ਇਸ ਘਟਨਾ ਨੇ ਇੱਕ ਵਖਰੀ ਤਰ੍ਹਾਂ ਦੇ ਸਮਾਜ ਅਤੇ ਸਭਿਆਚਾਰ ਨੂੰ ਜਨਮ ਦਿੱਤਾ। ਇਸ ਘਟਨਾ ਦਾ ਉਦੇਸ਼ ਗੁਰੂ ਜੀ ਨੇ ਆਪਣੇ ਬਾਣੀ ਬਚਿੱਤਰ ਨਾਟਕ ਵਿੱਚ ਇਉਂ ਕੀਤਾ ਹੈ:-

ਧਰਮ ਚਲਾਵਨ ਸੰਤ ਉਚਾਰਨ ॥
ਦੁਸ਼ਟ ਸਭਨ ਕੋ ਮੂਲ ਉਪਰਾਨਿ ॥

ਖਾਲਸਾ ਸਾਜਨ ਦੀ ਘਟਨਾ ਦੌਰਾਨ ਗੁਰੂ ਜੀ ਨੇ ਦ੍ਰਿੜ੍ਹਤਾ ਅਤੇ ਦਲੇਰੀ ਦੀ ਪਰਖ ਕੀਤੀ। ਧਰਮ ਚਲਾਉਣ ਲਈ ਅਤੇ ਧਰਮ ਦੀ ਰਾਖੀ ਕਰਨ ਲਈ ਇਹਨਾਂ ਚੋਹਾਂ ਗੁਣਾਂ ਦੀ ਲੋੜ ਸੀ। ਬਦੀ ਨਾਲ ਟਾਕਰਾ ਕਰਨ ਲਈ ਇੱਕ ਅਜਿਹੇ ਪੰਥ ਦੀ ਲੋੜ ਸੀ ਜੋ ਨਿਰਮਲ ਵੀ ਹੋਵੇ ਅਤੇ ਸ਼ਕਤੀਸ਼ਾਲੀ ਵੀ ਹੋਵੇ। ਇਤਿਹਾਸ ਦੀ ਇਸ ਸਿਰਜਣਾ ਨੇ ਸੰਤ ਸਿਪਾਹੀਆਂ ਦੀ ਇਕ ਅਜਿਹੀ ਫੌਜ ਨੂੰ ਤਿਆਰ ਕੀਤਾ, ਜਿਸ ਨੇ ਸਵਾ ਲਾਖ ਸੇ ਏਕ ਲੜਾਊ ਦੇ ਇਰਾਦੇ ਨੂੰ ਅਮਲੀ ਜਾਮਾ ਪਹਿਨਾ ਦਿੱਤਾ। ਆਮ ਬੰਦੇ 'ਚ ਗੁਰੂ ਜੀ ਨੇ ਏਨੀ ਦਲੇਰੀ ਭਰ ਦਿੱਤੀ ਕਿ ਉਹ ਡਰ ਤੋਂ ਰਹਿਤ ਹੋ ਗਏ। ਇਸ ਘਟਨਾ ਨੇ ਜਾਤ-ਪਾਤ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਦਿੱਤਾ।

ਇਹ ਕੁਦਰਤ ਦਾ ਕ੍ਰਿਸ਼ਮਾ ਨਹੀਂ ਤਾਂ ਹੋਰ ਕੀ ਹੋ ਸਕਦਾ ਹੈ ਕਿ ਜਿਨ੍ਹਾਂ ਪੰਜ ਪਿਆਰਿਆਂ ਦੀ ਸਾਜਨਾ ਕੀਤੀ ਉਹਨਾਂ ਦੇ ਨਾਲ ਦੀ ਸਿੱਖੀ ਸਿਧਾਂਤ ਦੇ ਸਾਰੇ ਅਸੂਲ ਕੁਦਰਤੀ ਤੌਰ 'ਤੇ ਜੁੜੇ ਹਨ। ਪੰਜ ਪਿਆਰੇ ਜਿਵੇਂ :-

1. ਭਾਈ ਦਯਾ ਸਿੰਘ ਜੀ
2. ਭਾਈ ਧਰਮ ਸਿੰਘ ਜੀ
3. ਭਾਈ ਹਿੰਮਤ ਸਿੰਘ ਜੀ
4. ਭਾਈ ਮੋਹਕਮ ਸਿੰਘ ਜੀ
5. ਭਾਈ ਸਾਹਿਬ ਸਿੰਘ ਜੀ

ਪੰਜ ਪਿਆਰਿਆਂ ਦੇ ਨਾਮਾਂ ਨਾਲ ਸਿੱਖੀ ਦੇ ਬੁਨਿਆਦੀ ਅਸੂਲ ਇਸ ਪ੍ਰਕਾਰ ਹਨ-ਸਿਖ ਧਰਮ 'ਚ ਸਭ ਤੋਂ ਪਹਿਲ ਪਹਿਲਾਂ ਦਿਆ ਨੂੰ ਦਿੱਤੀ ਗਈ ਹੈ। ਪਹਿਲਾਂ ਕਿਸੇ ਤੇ ਵਾਰ ਨਹੀਂ ਕਰਦੇ। ਜਬ ਬਾਣ ਲਾਗੇ ਤਬ ਰੋਸ ਜਾਗੇ। ਫਿਰ ਇਹ ਕਿਸੇ ਨੂੰ ਬਖਸ਼ਦੇ ਨਹੀਂ ਤੇ ਦੂਜਾ ਧਰਮ 'ਚ ਇਹ ਸਿਖ ਪ੍ਰਪੱਕ ਹੁੰਦੇ ਹਨ। ਇਹਨਾਂ ਨੂੰ ਰਹਿਤ ਹੀ ਪਿਆਰੀ ਹੁੰਦੀ ਹੈ। ਰਹਿਤ ਪਿਆਰੀ ਮੁਝਕੋ ਜਾਂ ਫਿਰ ਧੌਲ ਧਰਮ ਦਿਆ ਕਾ ਪੂਤ। ਤੀਜਾ ਉਹ ਗੁਰੂ ਦਾ ਸਿੱਖ ਕਹਿਲਾਉਣ ਦਾ ਹੱਕਦਾਰ ਨਹੀਂ ਜੋ ਅੰਮ੍ਰਿਤ ਵੇਲੇ ਉਠ ਕੇ ਬਾਣੀ ਦਾ ਪਾਠ ਜਾਂ ਸਿਮਰਨ ਨਹੀਂ ਕਰਦਾ। ਇੱਕ ਗੁਰੂ ਜੀ ਦੇ ਸਿੱਖ 'ਚ ਹਿੰਮਤ ਦਾ ਹੋਣਾ ਬਹੁਤ ਜ਼ਰੂਰੀ ਹੈ। ਚੌਥਾ ਮੋਹਕਮ ਦਾ ਮਾਰਗ ਮੁਕਤੀ ਨੂੰ ਪ੍ਰਾਪਤ ਕਰਨਾ। ਜੇ ਇਸ ਮਾਰਗ ਦਾ ਪਾਂਧੀ ਬਣਨਾ ਹੈ ਤਾਂ ਸਿਰ ਦੇਣ ਲੱਗਿਆ ਕਿਰਸ ਵੀ ਨਹੀਂ ਕਰਨੀ :-

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰ ਦੀਜੈ ਕਾਣਿ ਨਾ ਕੀਜੈ ॥

(ਪੰਨਾ - 1412)

ਅਤੇ ਪੰਜਵਾਂ ਨਾ ਜੋ ਭਾਈ ਸਾਹਿਬ ਸਿੰਘ ਜੀ ਹੋਏ ਹਨ। ਉਹਨਾਂ ਦੇ ਨਾਂ ਨਾਲ ਵੀ ਇਹੀ ਵਿਸ਼ੇਸ਼ਤਾ ਹੈ ਕਿ ਗੁਰੂ ਕਾ ਸਿੰਘ ਹਜ਼ਾਰਾਂ ਵਿੱਚੋਂ ਝਟ ਹੀ ਪਛਾਣਿਆ ਜਾ ਸਕਦਾ ਹੈ। ਗੁਰੂ ਜੀ ਦਾ ਸਿੱਖ ਸਾਹਿਬ ਦੀ ਤਰ੍ਹਾਂ ਪੰਜੇ ਕਾਕਾਰ ਪਾ ਕੇ ਸਜ ਧੱਜ ਕੇ ਰਹਿੰਦਾ ਹੈ।

ਸੋ ਇਸ ਤਰ੍ਹਾਂ ਪੰਜਾਬ ਦੇ ਇਤਿਹਾਸ ਵਿਚ ਇਹ ਨਿਵੇਕਲੀ ਹੀ ਪਹਿਚਾਣ ਹੀ ਸਿੱਖ ਪੰਥ ਦੀ ਹੋਈ ਕਹਿ ਸਕਦੇ ਹਾਂ। ਸੋ ਇਸ ਤੋਂ ਇਲਾਵਾ ਵੈਸਾਖੀ ਦਾ ਦਿਹਾੜਾ 13 ਅਪਰੈਲ 1919 ਨੂੰ ਜਦ ਜਨਰਲ ਡਾਇਰ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਤਾਂ ਵੀ ਜਾਣਿਆ ਜਾਂਦਾ ਹੈ। ਇਸ ਤੋਂ ਪਹਿਲਾਂ 1733 ਵਿੱਚ ਵੈਸਾਖੀ ਦੇ ਦਿਹਾੜੇ ਦੀ ਸਿੱਖਾਂ ਨੂੰ ਜਗੀਰਾਂ ਦੀ ਪੇਸ਼ਕਸ਼ ਇਸੇ ਦਿਨ ਹੀ ਹੋਈ। ਫਿਰ 1747 ਵਿੱਚ ਸਿੱਖਾਂ ਨੂੰ ਜਥਿਆਂ ਦੇ ਰੂਪ ਵਿਚ ਜਥੇਬੰਦ ਵੀ ਵੈਸਾਖੀ ਵਾਲੇ ਦਿਨ ਕੀਤਾ ਗਿਆ। 1748 ਈ. ਨੂੰ ਇਹ ਫੈਸਲਾ ਅਕਾਲ ਤਖਤ 'ਤੇ ਹੀ ਲਿਆ ਗਿਆ ਤੇ ਖਾਲਸੇ ਨੂੰ ਵੱਖ-ਵੱਖ 11 ਮਿਸਲਾਂ ਦੇ ਰੂਪ 'ਚ ਵੰਡ ਲਿਆ ਗਿਆ ਜਾਵੇ ਉਦੋਂ ਵੀ ਵੈਸਾਖੀ ਦਾ ਦਿਹਾੜਾ ਹੀ ਸੀ। ਫਿਰ 1780 ਦੀ ਵੈਸਾਖੀ ਦੇ ਹੀ ਦਿਹਾੜੇ ਲਹੌਰ 'ਤੇ ਹਮਲਾ ਕਰਨ ਦਾ ਵੱਖ-ਵੱਖ ਮਿਸਲਾਂ ਨੇ ਮਤਾ ਪਾਸ ਕੀਤਾ। ਸੰਨ 1763 ਈ. ਨੂੰ ਵੈਸਾਖੀ ਦੇ ਦਿਹਾੜੇ ਇੱਕ ਬ੍ਰਾਹਮਣ ਦੀ ਫਰਿਆਦ



'ਤੇ ਕਸੂਰ ਦੇ ਹਾਕਮ ਨੂੰ ਸੋਧਣ ਦਾ ਮਤਾ ਪਾਸ ਹੋਇਆ। 1947 ਈਸਵੀਂ ਦੀ ਵੈਸਾਖੀ ਦੇ ਦਿਨ ਹੀ ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ ਵਿੱਚ 280 ਜਥੇਦਾਰਾਂ ਦੇ ਇੱਕ ਇਕੱਠ ਨੇ ਅਕਾਲ ਤਖਤ 'ਤੇ ਇਕੱਠੇ ਹੋ ਕੇ ਗੁਰੂਧਾਮਾਂ ਦੀ ਰਾਖੀ ਵਾਸਤੇ ਹਥਿਆਰਬੰਦ ਪ੍ਰਬੰਧ ਕਰਨ ਤੇ ਜਾਨ ਤੱਕ ਵਾਰਨ ਵਾਸਤੇ ਮਤਾ ਪਾਸ ਵੀ ਇਸੇ ਦਿਨ ਹੀ ਕੀਤਾ।

1978 ਦੀ ਵੈਸਾਖੀ ਵਾਲੇ ਦਿਨ ਹੀ ਨਿਰੰਕਾਰੀਆਂ ਹੱਥੋਂ 13 ਸਿੰਘ ਸ਼ਹੀਦ ਹੋਏ। ਸੋ ਇਸ ਤਰ੍ਹਾਂ ਇਹ ਵੈਸਾਖੀ ਦਾ ਦਿਨ ਤੇ ਪੰਜ ਪਿਆਰੇ ਤੇ ਸਿੱਖ ਜਗਤ ਵਿੱਚ ਵਿਸ਼ੇਸ਼ ਸਥਾਨ ਰੱਖਦੇ ਹਨ :-

ਨੀਂਹ ਰੱਖੀ ਗਈ ਸਿੱਖੀ ਦੀ ਸੀਸ ਉਤੇ
ਇਹ ਦੁਨੀਆ ਸਾਰੀ ਜਾਣਦੀ ਏ।
ਜਿਸ ਗੋਦੜੀ ਨੇ ਕੀਤੇ ਲਾਲ ਪੈਦਾ,
ਸਿਖੀ ਗੋਦੜੀ ਦਾ ਨਿੱਘ ਮਾਣਦੀਏ।
ਸਿੱਖ ਸੂਰਮੇ ਕਦੇ ਨਾ ਪਿਠ ਦਿੱਤੀ,
ਘੜੀ ਆਈ ਜਦੋਂ ਆਨ ਤੇ ਸ਼ਾਨ ਦੀ ਏ।
ਝੰਡੇ ਝੂਲਦੇ ਰਹਿਣਗੇ ਜੱਗ ਉਤੇ,
'ਜੱਖੂ' ਗੱਲ ਇਹ ਵੱਖਰੀ ਪਹਿਚਾਣ ਦੀ ਏ।

## 'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਮੈਡਮ ਅਮਰਜੀਤ ਕੌਰ ਛਾਬੜਾ ਦਾ ਵਿਸ਼ੇਸ਼ ਸਨਮਾਨ



ਮੋਗਾ/ ਮਵਦੀਲਾ ਬਿਓਰੋ

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਮੈਡਮ ਅਮਰਜੀਤ ਕੌਰ ਛਾਬੜਾ ਪਿਛਲੇ ਦਿਨੀ ਟਰੱਸਟ ਦੇ ਮੋਗਾ ਜ਼ਿਲ੍ਹਾ ਮੁੱਖ ਦਫਤਰ ਬਸਤੀ ਗੋਬਿੰਦਗੜ੍ਹ ਵਿਖੇ ਹਾਜ਼ਰ ਹੋਏ ਜਿੱਥੇ ਉਨ੍ਹਾਂ ਦਾ "ਮਹਿਕ ਵਤਨ ਦੀ ਲਾਈਵ" ਬਿਓਰੋ ਵੱਲੋਂ ਮੁੱਖ ਸੰਪਾਦਕ ਸ. ਭਵਨਦੀਪ ਸਿੰਘ ਪੁਰਬਾ ਨੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ "ਮਹਿਕ ਵਤਨ ਦੀ ਲਾਈਵ" ਬਿਓਰੋ ਤੇ ਮੁੱਖ ਸੰਪਾਦਕ ਸ. ਭਵਨਦੀਪ ਸਿੰਘ ਪੁਰਬਾ ਨੇ ਦੱਸਿਆ ਕਿ ਮੈਡਮ ਅਮਰਜੀਤ ਕੌਰ ਛਾਬੜਾ ਜੋ ਕਿ ਉੱਘੇ ਸਮਾਜ ਸੇਵੀ ਡਾਕਟਰ ਐਸ.ਪੀ. ਸਿੰਘ ਓਬਰਾਏ ਸਾਹਿਬ ਦੇ ਟਰੱਸਟ ਸਰਬੱਤ ਦਾ ਭਲਾ ਚੇਰੀਟੇਬਲ ਟਰੱਸਟ ਇਕਾਈ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਹਨ, ਉਹਨਾਂ ਦਾ ਸਮਾਜ ਸੇਵਾ ਵਿੱਚ ਬਹੁਤ ਵੱਡਾ ਯੋਗਦਾਨ ਹੈ। ਇਸ ਦੇ ਨਾਲ-ਨਾਲ ਉਹ 'ਮਹਿਕ ਵਤਨ ਦੀ ਲਾਈਵ' ਬਿਓਰੋ ਨੂੰ ਵੀ ਵਿਸ਼ੇਸ਼ ਸੇਵਾਵਾਂ ਦੇ ਰਹੇ ਹਨ। ਓਬਰਾਏ ਸਾਹਿਬ ਅਤੇ ਟਰੱਸਟ ਦੀਆਂ ਵਿਸ਼ੇਸ਼ ਗਤੀਵਿਧੀਆਂ ਉਹ ਮਹਿਕ ਵਤਨ ਦੀ ਲਾਈਵ ਬਿਓਰੋ ਤੱਕ ਪਹੁੰਚਾਉਂਦੇ ਹਨ। ਉਹਨਾਂ ਦੀਆਂ ਇਨਾਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਮਹਿਕ ਵਤਨ ਦੀ ਲਾਈਵ ਬਿਓਰੋ ਵੱਲੋਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਹੈ।

ਇਸ ਮੌਕੇ ਉਪਰੋਕਤ ਤੋਂ ਇਲਾਵਾ ਟਰੱਸਟ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਸ਼੍ਰੀ ਗੋਕਲ ਚੰਦ ਬੁੱਘੀਪੁਰਾ, ਟਰੱਸਟੀ ਸ. ਸੁਖਦੇਵ ਸਿੰਘ ਬਰਾੜ, ਮੈਡਮ ਸੁਖਵਿੰਦਰ ਕੌਰ ਬੁੱਘੀਪੁਰਾ, ਮੈਡਮ ਜਸਪ੍ਰੀਤ ਕੌਰ, ਮੈਡਮ ਜਸਵੀਰ ਕੌਰ, ਐਨ.ਜੀ.ਓ. ਮੈਂਬਰਜ ਬਵਨੀਤ ਸਿੰਘ ਨੈਸਲੇ, ਕੁਕੂ ਗਿੱਲ, ਲਖਵਿੰਦਰ ਸਿੰਘ, ਭਗਵੰਤ ਸਿੰਘ, ਮੈਡਮ ਸਿਮਰਨ ਆਦਿ ਮੁੱਖ ਤੌਰ 'ਤੇ ਹਾਜ਼ਰ ਸਨ।

## ਪਿੰਡ ਖੋਟੇ ਵਿਖੇ ਬਾਬਾ ਓਮ ਭਾਰਥੀ ਜੀ ਦੇ ਜੋਤੀ ਜੋਤ ਸਮਾਗਮ ਦਾ ਆਯੋਜਨ ਕੀਤਾ ਗਿਆ



ਮੋਗਾ/ ਜਗਤਾਰ ਸਿੰਘ ਪਰਮਿਲ

ਮੋਗਾ ਦੇ ਨੇੜਲੇ ਪਿੰਡ ਖੋਟੇ ਵਿਖੇ ਨਾਹਲ ਅਤੇ ਖੋਟੇ ਦੀ ਸੰਗਤ ਵੱਲੋਂ ਬਾਬਾ ਓਮ ਭਾਰਥੀ ਜੀ ਦੇ ਜੋਤੀ-ਜੋਤ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਇਲਾਕੇ ਭਰ ਦੀ ਸੰਗਤ ਨੇ, ਖਾਸ ਕਰਕੇ ਪਿੰਡ ਨਾਹਲ, ਖੋਟੇ, ਸਿੰਘਾਂਵਾਲਾ ਆਦਿ ਪਿੰਡਾਂ ਦੀ ਸੰਗਤ ਨੇ ਬਾਬਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸਾਰਾ ਦਿਨ ਲੱਡੂ, ਜਲੇਬੀਆਂ, ਪਕੌੜੇ, ਚਾਹ, ਗੁਰੂ ਘਰ ਦੇ ਲੰਗਰ, ਸੇਬ, ਸੰਤਰਿਆਂ ਦੇ ਅਟੁੱਟ ਲੰਗਰ ਚੱਲਦੇ ਰਹੇ। ਪੁਰਾਤਨ ਰਵਾਇਤ ਅਨੁਸਾਰ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਜੀ ਦੇ ਜਗ੍ਹਾ ਤੇ ਵਸਤੂਆਂ ਦਾ ਭੋਗ ਲਗਾਇਆ ਗਿਆ ਅਤੇ ਮੁੰਡਿਆਂ ਨੂੰ ਮਰਿਯਾਦਾ ਅਨੁਸਾਰ ਪ੍ਰਸ਼ਾਦਾ ਛਕਾਇਆ ਗਿਆ। ਉਪਰੰਤ ਕਵੀਸ਼ਰਾਂ ਅਤੇ ਪੰਜਾਬੀ ਕਲਾਕਾਰਾ ਵੱਲੋਂ ਅਖਾੜਾਂ ਲਗਾਇਆ ਗਿਆ। ਜਿਸ ਵਿੱਚ ਜਗਤਾਰ ਸਿੰਘ ਪਰਮਿਲ, ਜਗਰਾਜ ਸਿੰਘ ਸ਼ੌਂਕੀ, ਤਰਸੇਮ ਸਿੰਘ ਭਾਗਥਲਾ, ਗੁਰਲਾਲ ਸਿੰਘ ਲਾਲੀ ਸਿੰਘਾਂਵਾਲਾ, ਨਿਰੰਜਣ ਸਿੰਘ ਲੋਪੋਂ, ਬੀਬੀ ਮਹਿੰਦਰ ਕੌਰ, ਬਲਦੇਵ ਸਿੰਘ, ਕਸ਼ਮੀਰ ਸਿੰਘ ਮੋਂਗਾ, ਜਗਸੀਰ ਸਿੰਘ ਰਣੀਆਂ, ਬਲਬੀਰ ਸਿੰਘ ਡਾਲਾ, ਨਾਇਬ ਸਿੰਘ ਮੁਦਕੀ ਨੇ ਸੰਗਤਾਂ ਨੂੰ ਬਾਬਾ ਜੀ ਦੇ ਜੀਵਨ ਅਤੇ ਪੁਰਾਤਨ ਕਿਸੇ ਸੁਣਾ ਕੇ ਜੋਤੀ ਜੋਤ ਸਮਾਗਮ ਨੂੰ ਚਾਰ ਚੰਨ ਲਾਏ। ਇਸ ਮੇਲੇ ਦੇ ਪ੍ਰਸ਼ਾਰਨ ਲਈ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਸ. ਭਵਨਦੀਪ ਸਿੰਘ ਪੁਰਬਾ ਵਿਸ਼ੇਸ਼ ਤੌਰ 'ਤੇ ਹਾਜ਼ਿਰ ਹੋਏ। ਸਟੇਜ਼ ਦੀ ਸੇਵਾ ਸੋਸ਼ਲ ਵਰਕਰ ਡਾ. ਜਗਤਾਰ ਸਿੰਘ ਪਰਮਿਲ ਨੇ ਬਾਖ਼ੂਬੀ ਨਿਭਾਈ ਗਈ।

ਇਸ ਸਮਾਗਮ ਅਤੇ ਮੇਲੇ ਤੇ ਬਾਬਾ ਓਮ ਭਾਰਥੀ ਜੀ ਦੇ ਸੇਵਕ ਸਰਪੰਚ ਗੁਰਚਰਨ ਸਿੰਘ, ਮੈਂਬਰ ਪੰਚਾਇਤ ਸੁਖਦੇਵ ਸਿੰਘ, ਮੈਂਬਰ ਪੰਚਾਇਤ ਗੁਰਨਾਮ ਸਿੰਘ, ਮੈਂਬਰ ਪੰਚਾਇਤ ਯਾਦਵਿੰਦਰ ਸਿੰਘ, ਮੈਂਬਰ ਪੰਚਾਇਤ ਲਵਪ੍ਰੀਤ ਸਿੰਘ ਅਤੇ ਪਿੰਡ ਖੋਟੇ ਮੋਗਾ-1 ਅਤੇ ਪਿੰਡ ਦੇ ਸੇਵਕਾਂ ਹਾਕਮ ਸਿੰਘ, ਬਲਵੀਰ ਸਿੰਘ, ਜਸਵੀਰ ਸਿੰਘ, ਜ਼ੋਰਾ ਸਿੰਘ, ਅਜੈਬ ਸਿੰਘ, ਜਗਰਾਜ ਸਿੰਘ, ਦਰਬਾਰਾ ਸਿੰਘ, ਤਰਸੇਮ ਸਿੰਘ, ਕਰਨੈਲ ਸਿੰਘ, ਕੁਲਵਿੰਦਰ ਸਿੰਘ ਨੰਬਰਦਾਰ, ਗੁਰਮੁਖ ਸਿੰਘ, ਗੁਰਦੀਪ ਸਿੰਘ, ਗੁਰਦੀਪ ਸਿੰਘ ਅਮਰੀਕਾ ਵਾਲ਼ੇ, ਬੂਟਾ ਸਿੰਘ ਕਨੇਡਾ, ਆਤਮਾ ਸਿੰਘ ਕਨੇਡਾ, ਸੂਬੇਦਾਰ ਚਮਕੌਰ ਸਾਹਿਬ, ਹਰਜਿੰਦਰ ਸਿੰਘ, ਜਿੰਦਰ, ਗੁਰਮੇਲ ਸਿੰਘ ਮਰਾੜ ਕਲਾਂ ਬਲਦੇਵ ਸਿੰਘ ਪਰਮਜੀਤ ਸਿੰਘ ਸਾਬਕਾ ਮੈਂਬਰ, ਸੁਖਦੇਵ ਸਿੰਘ ਨੰਬਰਦਾਰ, ਜਗਮੋਹਨ ਸਿੰਘ ਸਾਬਕਾ ਮੈਂਬਰ, ਪਿੰਡ ਨਾਹਲ ਦੇ ਸਰਪੰਚ ਹਰਜਿੰਦਰ ਸਿੰਘ ਅਤੇ ਸਮੂਹ ਪੰਚਾਇਤ ਨਾਹਲ ਨੇ ਬਾਬਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਆਪਣੀਆ ਵਿਸ਼ੇਸ਼ ਸੇਵਾਵਾਂ ਨਿਭਾਇਆ।

# ਬਾਦਲ ਦਲ ਵੱਲੋਂ ਤਖਤਾਂ ਦੇ ਸਿੰਘ ਸਾਹਿਬਾਨ ਨੂੰ ਬਰਖਾਸਤ ਕਰਨਾ ਜੂਨ 84 ਦੇ ਹਮਲੇ ਤੋਂ ਬਾਅਦ ਸਭ ਤੋਂ ਵੱਡਾ ਸਿਧਾਂਤਕ ਹਮਲਾ ਹੈ ਬਾਬਾ ਬਲਦੇਵ ਸਿੰਘ ਜੋਗੇਵਾਲਾ, ਬਾਬਾ ਰੇਸ਼ਮ ਸਿੰਘ ਖੁਖਰਾਣਾ






ਮੋਗਾ / ਰਾਜਿੰਦਰ ਸਿੰਘ ਕੋਟਲਾ, ਰਛਪਾਲ ਸਿੰਘ ਗੋਗੀ

ਸੰਤ ਸਮਾਜ ਦੇ ਆਗੂਆਂ ਬਾਬਾ ਬਲਦੇਵ ਸਿੰਘ ਜੋਗਵਾਲਾ ਬਾਬਾ ਰੇਸ਼ਮ ਸਿੰਘ ਖੁਖਰਾਣਾ, ਗਿਆਨੀ ਜਸਵਿੰਦਰ ਸਿੰਘ ਜੋਗੇਵਾਲਾ ਅਤੇ ਪੰਥਕ ਆਗੂ ਭਾਈ ਰਣਜੀਤ ਸਿੰਘ ਵਾਦਰ ਵਾਲਿਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਜੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਪਰ ਕਾਬਜ਼ ਬਾਦਲ ਦਲ ਵੱਲੋਂ ਬਰਖਾਸਤ ਕਰਨ ਦੇ ਫੈਸਲੇ ਦਾ ਸਖਤ ਵਿਰੋਧ ਕੀਤਾ। ਉਹਨਾਂ ਇੱਕ ਬਿਆਨ ਵਿੱਚ ਕਿਹਾ ਕਿ ਸਿੱਖੀ ਸਿਧਾਂਤਾਂ ਤੋਂ ਸੱਖਣੀ ਬਾਦਲ ਦਲ ਦੀ ਇਸ ਚਾਪਲੂਸ ਜੁੰਡਲੀ ਨੇ ਪਹਿਲਾਂ ਗਿਆਨੀ ਹਰਪ੍ਰੀਤ ਸਿੰਘ ਹੋਰਾਂ ਉੱਪਰ ਬੇ-ਬੁਨਿਆਦੀ ਦੋਸ਼ ਲਾ ਕੇ ਬਰਖਾਸਤ ਕਰਕੇ ਆਪਣੇ ਉੱਪਰ ਕਲੰਕ ਲਵਾਇਆ ਸੀ। ਹੁਣ ਉਪਰੋਕਤ ਸਿੰਘ ਸਾਹਿਬਾਨਾਂ ਨੂੰ ਬਿਨਾਂ ਕਿਸੇ ਦੋਸ਼ ਦੇ ਕੇਵਲ ਆਪਣੀ ਹੱਠ-ਧਰਮੀ ਨੂੰ ਪੂਰਾ ਕਰਨ ਲਈ ਬਰਖਾਸਤ ਕਰਕੇ ਬਾਦਲ ਦਲ ਨੇ ਆਪਣੇ ਕਰੂਪ ਚਿਹਰੇ ਨੂੰ ਹੋਰ ਉਜਾਗਰ ਕੀਤਾ ਹੈ। ਇਸ ਕੁਕਰਮ ਨਾਲ ਬਾਦਲ ਦਲ ਨੇ ਸਿੱਖੀ ਸਿਧਾਂਤਾਂ ਦੀ ਬੇਅਦਬੀ ਦੇ ਲਗਾਤਾਰ ਕੀਤੇ ਜਾ ਰਹੇ ਆਪਣੇ ਬੱਜਰ ਗੁਨਾਹਾਂ ਦੀ ਲਿਸਟ ਵਿੱਚ ਹੋਰ ਵਾਧਾ ਕਰ ਲਿਆ ਹੈ। ਇਸ ਜੁੰਡਲੀ ਵੱਲੋਂ ਆਪਣੇ ਅਖਤਿਆਰਾਂ ਦੀ ਨਜ਼ਾਇਜ਼ ਵਰਤੋਂ ਕਰਦਿਆਂ ਪੰਜਾਬ ਵਿਚਲੇ ਤਖਤ ਸਾਹਿਬਾਨ ਦੇ ਸਾਰੇ ਸਿੰਘ ਸਾਹਿਬਾਨਾਂ ਦੀਆਂ ਸੇਵਾਵਾਂ ਖਤਮ ਕਰਨ ਦਾ ਇਹ ਮੂਰਖਾਨਾ ਕਦਮ ਬਾਦਲ ਦਲ ਦੇ ਤਾਬੂਤ ਵਿੱਚ ਗੱਡੇ ਜਾ ਚੁੱਕੇ ਆਖਰੀ ਕਿੱਲਾਂ ਵਿੱਚ ਵਾਧਾ ਸਾਬਿਤ ਕਰੇਗਾ। ਕੇਵਲ ਬਾਦਲ ਪਰਿਵਾਰ ਨੂੰ ਖੁਸ਼ ਕਰਨ ਅਤੇ ਆਪਣੀ ਹੱਠ-ਧਰਮੀ ਪੂਰੀ ਕਰਨ ਲਈ ਚੰਦ ਕੁ ਚਾਪਲੂਸਾਂ ਵੱਲੋਂ ਸਿੱਖੀ ਰਿਵਾਇਤਾਂ ਅਤੇ ਸਿੱਖ ਸੰਸਥਾਵਾਂ ਦੀ ਜੋ ਲਗਾਤਾਰ ਬੇਹੁਰਮਤੀ ਕੀਤੀ ਜਾ ਰਹੀ ਹੈ, ਇਹ ਅਤਿ ਨਿੰਦਣਯੋਗ ਵਰਤਾਰਾ ਹੈ। ਬਾਬਾ ਜੀ ਨੇ ਅੱਗੇ ਕਿਹਾ ਕਿ ਪਿਛਲੇ ਸਮੇਂ ਵਿੱਚ ਕੌਮ ਵੱਲੋਂ ਬਖਸ਼ੀ ਤਾਕਤ ਵੇਲੇ ਭਾਵੇਂ ਇਸ ਬਾਦਲ ਦਲ ਨੇ ਪੰਥ ਦੀ ਚੜ੍ਹਦੀ ਕਲਾ ਲਈ ਕੁੱਝ ਕਰਨ ਦੀ ਬਜਾਏ ਸੱਤਾ ਦੇ ਨਸ਼ੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦੇ ਮਸਲੇ ਵਿੱਚ ਆਪਣੀ ਭਾਈਵਾਲੀ ਦਾ ਸਬੂਤ ਦੇ ਕੇ ਅਤੇ ਸਿੱਖ ਪੰਥ ਦੀਆਂ ਸ਼ਾਨਮੱਤੀਆਂ ਰਵਾਇਤਾਂ ਦੀ ਬੇਹੁਰਮਤੀ ਕਰਕੇ ਨੇ ਪੰਥ ਦਾ ਭਰੋਸਾ ਗਵਾ ਲਿਆ ਹੈ। ਗੁਰੂ ਪੰਥ ਵੱਲੋਂ ਇਹਨਾਂ ਨੂੰ ਇੱਕ ਮੌਕਾ ਦਿੱਤਾ ਗਿਆ ਸੀ ਕਿ ਇਹ ਲੋਕ ਆਪਣੇ ਗੁਨਾਹਾਂ ਨੂੰ ਕਬੂਲ ਕਰਕੇ ਸਤਿਗੁਰੂ ਸਾਹਿਬ ਅਤੇ ਕੌਮ ਪਾਸੋਂ ਖਿਮਾ ਜਾਚਨਾ ਕਰਕੇ ਆਪਣਾ ਲੋਕ-ਪ੍ਰਲੋਕ ਬਚਾ ਸਕਣ। ਪਰ 2 ਦਸੰਬਰ ਦੇ ਵਰਤਾਰੇ ਤੋਂ ਬਾਅਦ ਇਹ ਸਪੱਸ਼ਟ ਹੋਣਾ ਸ਼ੁਰੂ ਹੋ ਗਿਆ ਸੀ ਕਿ ਇਹਨਾਂ ਲੋਕਾਂ ਨੇ ਬੀਤੇ ਤੋਂ ਕੁੱਝ ਨਹੀਂ ਸਿੱਖਿਆ ਬਲਕਿ ਇਹ ਲੋਕ ਗੁਰੂ ਅਤੇ ਗੁਰੂ ਪੰਥ ਦੀ ਬਖਸ਼ਿਸ਼ ਨੂੰ ਦਰ-ਕਿਨਾਰ ਕਰਕੇ ਆਪਣੀ ਹਉਮੈ ਨੂੰ ਸਮੁੱਚੀ ਕੌਮ ਉਪਰ ਠੋਸਣ ਲਈ ਕੁਕਰਮੀ ਵਰਤਾਰਿਆਂ ਵਿੱਚ ਹੀ ਗਲਤਾਨ ਹਨ। ਜਿਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸ਼੍ਰੋਮਣੀ ਕਮੇਟੀ ਦੇ ਬਾਦਲ ਦਲੀਆਂ ਨੇ ਆਪਣੇ ਸੌੜੇ ਮੁਫ਼ਾਦਾਂ ਦੀ ਪੂਰਤੀ ਹਿਤ ਆਪਣੇ ਆਕਾਵਾਂ ਨੂੰ ਖੁਸ਼ ਕਰਨ ਲਈ ਸਿੰਘ ਸਾਹਿਬਾਨਾਂ ਨੂੰ ਬਰਖਾਸਤ ਕਰਨ ਜਿਹੇ ਜੋ ਘਿਨਾਉਣੇ ਅਤੇ ਗੈਰ ਜ਼ਿੰਮੇਵਾਰਾਨਾ ਫੈਸਲੇ ਕੀਤੇ ਹਨ ਉਹ ਸਿੱਖ ਇਤਿਹਾਸ ਦੇ ਪੰਨਿਆਂ ਉੱਪਰ ਕਾਲੇ ਅੱਖਰਾਂ ਨਾਲ ਲਿਖੇ ਜਾਣਗੇ। ਸੰਤ ਬਾਬਾ ਸੰਤ ਰੇਸ਼ਮ ਸਿੰਘ ਜੀ ਖੁਖਰਾਣੇ ਵਾਲਿਆਂ ਨੇ ਹੋਰ ਆਖਿਆ ਕੇ ਬਾਦਲ ਦਲ ਵੱਲੋਂ ਕੀਤਾ ਇਹ ਕੁਕਰਮ ਸ੍ਰੀ ਅਕਾਲ ਤਖਤ ਸਾਹਿਬ ਉੱਪਰ ਹੋਏ ਫੌਜੀ ਹਮਲੇ ਤੋਂ ਬਾਅਦ ਤਖਤ ਸਾਹਿਬ ਦੇ ਸਿਧਾਂਤ 'ਤੇ ਵੱਡਾ ਹਮਲਾ ਹੈ। ਦੁਸ਼ਮਣਾਂ ਵੱਲੋਂ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਨੂੰ ਹੀ ਢਾਹਿਆ ਗਿਆ ਸੀ ਪਰ ਬਾਦਲ ਦਲ ਦੀ ਇਸ ਅਖੌਤੀ ਪੰਥਕ ਜਮਾਤ ਵੱਲੋਂ ਆਪਣੀ ਹਉਮੈ ਅਧੀਨ ਸਿੱਖ ਕੌਮ ਦੇ ਤਖਤ ਸਾਹਿਬਾਨਾਂ ਦੇ ਪਾਵਨ ਸੰਕਲਪ ਨੂੰ ਹੀ ਖਤਮ ਕਰਨ ਦਾ ਯਤਨ ਕਰਕੇ ਸਮੁੱਚੀ ਕੌਮ ਹੀ ਸ਼ਰਮਸਾਰ ਕਰ ਕੇ ਰੱਖ ਦਿੱਤਾ ਹੈ। ਪੰਥਕ ਆਗੂਆਂ ਨੇ ਸਿੱਖ ਕੌਮ ਨੂੰ ਬੇਨਤੀ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ ਉੱਚਤਾ ਅਤੇ ਅਜ਼ਾਦਾਨਾ ਹਸਤੀ ਦੀ ਬਰਕਰਾਰੀ ਲਈ ਸਿੰਘ ਸਾਹਿਬਾਨਾਂ ਦੀ ਨਿਯੁਕਤੀ ਅਤੇ ਸੇਵਾ ਮੁਕਤੀ ਦੇ ਨਿਯਮਾਂ ਨੂੰ ਵਿਸ਼ਵ ਭਰ ਵਿੱਚ ਵਸਦੀ ਕੌਮ ਦੀ ਪ੍ਰਵਾਨਗੀ ਨਾਲ ਸਥਾਪਿਤ ਕਰਨ ਲਈ ਸਿੱਖ ਪੰਥ ਅਤੇ ਪੰਜਾਬ ਦੇ ਹੱਕਾਂ ਦੀ ਰਾਖੀ ਕਰਨ ਲਈ ਸਾਡੇ ਪੁਰਖਿਆਂ ਵੱਲੋਂ ਸਥਾਪਿਤ ਕੀਤੇ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਅਤੇ ਕੌਮ ਦੇ ਬਾਕੀ ਮਸਲਿਆਂ ਦੇ ਹੱਲ ਲਈ ਹੁਣ ਪੰਥ ਨੂੰ ਆਪਸੀ ਸਿਰ ਜੋੜ ਕੇ ਜਲਦੀ ਬੈਠਣਾ ਚਾਹੀਦਾ ਹੈ।

ਇਸ ਲਈ ਉਹਨਾਂ ਪੰਥ ਦੀਆਂ ਸਮੂਹ ਜਥੇਬੰਦੀਆਂ ਨੂੰ ਬੇਨਤੀ ਕੀਤੀ ਕਿ ਆਪੋ ਆਪਣੇ ਨਿੱਜੀ ਵਖਰੇਵਿਆਂ ਨੂੰ ਪਾਸੇ ਰੱਖ ਕੇ ਕੌਮ ਦੀ ਚੜ੍ਹਦੀ ਕਲਾ ਲਈ ਆਪਣੀ ਇੱਕ ਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਇਕੱਠੇ ਹੋ ਕੇ ਕੰਮ ਕਰਨ ਦੀ ਸਖਤ ਜ਼ਰੂਰਤ ਹੈ। ਇਸ ਮੰਤਵ ਲਈ ਜਲਦੀ ਤੋਂ ਜਲਦੀ ਸਿੱਖ ਜਥੇਬੰਦੀਆਂ ਦਾ ਇੱਕ ਨੁਮਾਇੰਦਾ ਇਕੱਠ ਕਰਨਾ ਬਹੁਤ ਜ਼ਰੂਰੀ ਹੈ। ਜਿਸ ਵਿੱਚ ਇਹਨਾਂ ਦਰਪੇਸ਼ ਮਸਲਿਆਂ ਉੱਪਰ ਦੀਰਘ ਵਿਚਾਰ ਕੀਤੀ ਜਾ ਸਕੇ ਅਤੇ ਕੌਮੀ ਸਹਿਮਤੀ ਨਾਲ ਇਹਨਾਂ ਮਸਲਿਆਂ ਦੇ ਹੱਲ ਕੱਢੇ ਜਾ ਸਕਣ ਅਤੇ ਪੰਥ ਵਿਰੋਧੀ ਤਾਕਤਾਂ ਦਾ ਮੂੰਹ ਮੋੜਿਆ ਜਾ ਸਕੇ।

# ਮਹਿਕ ਵਤਨ ਦੀ ਫਾਊਂਡੇਸ਼ਨ ਸੋਸਾਇਟੀ (ਰਜਿ:) ਮੋਗਾ ਦੀ ਸੂਪਰਸਤ ਕਮੇਟੀ ਤਬਦੀਲ

## ਬਾਬਾ ਜਸਵੀਰ ਸਿੰਘ ਲੋਹਾਰਾ ਚੈਅਰਮੈਨ ਅਤੇ ਸ. ਭਵਨਦੀਪ ਸਿੰਘ ਪੁਰਬਾ ਪ੍ਰਧਾਨ ਨਿਯੁਕਤ





ਮੋਗਾ/ 20 ਮਾਰਚ 2025/ ਮਵਦੀਲਾ ਬਿਓਰੋ

ਪਿਛਲੇ ਦਿਨੀ ਮਹਿਕ ਵਤਨ ਦੀ ਫਾਉਂਡੇਸ਼ਨ ਸੋਸਾਇਟੀ (ਰਜਿ:) ਮੋਗਾ ਦੀ ਸ੍ਰਪਰਸਤ ਕਮੇਟੀ ਵਿੱਚ ਫੇਰ ਬਦਲ ਕਰਦਿਆਂ ਉਸ ਵਿੱਚ ਕੁੱਝ ਨਵੇਂ ਮੈਂਬਰ ਲਏ ਗਏ ਸਨ ਅਤੇ ਪੁਰਾਣੇ ਮੈਂਬਰ ਜੋ ਲੰਮੇ ਸਮੇਂ ਤੋਂ ਗੈਰ-ਹਾਜਰ ਸਨ ਉਹ ਬਰਖਾਸਤ ਕੀਤੇ ਗਏ ਸਨ। ਮੌਜੂਦ ਮੈਂਬਰਾ ਦੀ ਸਹਿਮਤੀ ਨਾਲ ਪੁਰਾਣੀ ਕਮੇਟੀ ਨੂੰ ਭੰਗ ਕਰਦਿਆ ਉਸ ਵਿੱਚ ਤਬਦੀਲੀ ਕਰਦਿਆ ਨਵੀਂ ਕਮੇਟੀ ਦੀ ਚੋਣ ਕੀਤੀ ਗਈ ਸੀ। ਮੌਜੂਦਾ ਸਰਪ੍ਰਸਤ ਮੈਂਬਰਾਂ ਦੀ ਆਪਸੀ ਸਹਿਮਤੀ ਅਤੇ ਗੈਰ ਹਾਜ਼ਰ ਮੈਂਬਰਾਂ ਦੀ ਆਨਲਾਈਨ ਸਹਿਮਤੀ ਨਾਲ ਨਵੀਂ ਕਮੇਟੀ ਗਠਿਨ ਕੀਤੀ ਗਈ ਹੈ।

ਮਹਿਕ ਵਤਨ ਦੀ ਫਾਉਂਡੇਸ਼ਨ ਸੋਸਾਇਟੀ (ਰਜਿ:) ਮੋਗਾ ਦੀ ਨਵੀਂ 15 ਮੈਂਬਰੀ ਸਰਪ੍ਰਸਤ ਕਮੇਟੀ ਵਿੱਚ ਚੈਅਰਮੈਨ : ਬਾਬਾ ਜਸਵੀਰ ਸਿੰਘ ਲੋਹਾਰਾ, ਪ੍ਰਧਾਨ : ਸ. ਭਵਨਦੀਪ ਸਿੰਘ ਪੁਰਬਾ, ਸੀਨੀਅਰ ਮੀਤ ਪ੍ਰਧਾਨ : ਇਕਬਾਲ ਸਿੰਘ ਖੋਸਾ, ਮੀਤ ਪ੍ਰਧਾਨ : ਬਖਤੌਰ ਸਿੰਘ ਗਿੱਲ, ਜਰਨਲ ਸਕੱਤਰ : ਮੈਡਮ ਭਾਗਵੰਤੀ ਪੁਰਬਾ, ਉਪ ਸਕੱਤਰ : ਅਮਰੀਕ ਸਿੰਘ ਰਿੰਕੂ, ਪ੍ਰੈਸ ਸਕੱਤਰ : ਮਨਮੋਹਨ ਸਿੰਘ ਚੀਮਾ, ਖਜ਼ਾਨਚੀ : ਰਾਜਿੰਦਰ ਸਿੰਘ ਖੋਸਾ, ਉੱਪ ਖਜ਼ਾਨਚੀ : ਅਮਨਦੀਪ ਕੌਰ, ਡਾਇਰੈਕਟਰ : ਸਰਬਜੀਤ ਕੌਰ ਲੋਹਾਰਾ, ਮੁੱਖ ਸਲਾਹਕਾਰ : ਸੁਖਦੇਵ ਸਿੰਘ ਬਰਾੜ, ਸਲਾਹਕਾਰ : ਜਗਤਾਰ ਸਿੰਘ ਪਰਮਿਲ, ਐਗਜ਼ਕਟਿਵ ਮੈਂਬਰ : ਹਰਕੀਰਤ ਬੇਦੀ, ਗੁਰਕੀਰਤ ਸਿੰਘ ਬੇਦੀ ਅਤੇ ਕੁਲਵਿੰਦਰ ਸਿੰਘ ਮਖਾਣਾ ਨੂੰ ਚੁਣਿਆ ਗਿਆ।

ਇਸ ਕਮੇਟੀ ਦੀ ਚੋਣ ਉਪਰੰਤ ਮੌਜੂਦਾ ਪ੍ਰਧਾਨ ਸ. ਭਵਨਦੀਪ ਸਿੰਘ ਪੁਰਬਾ ਨੇ ਮਹਿਕ ਵਤਨ ਦੀ ਫਾਉਂਡੇਸ਼ਨ ਸੋਸਾਇਟੀ (ਰਜਿ:) ਮੋਗਾ ਦੇ ਵਟਸਐਪ ਗਰੁੱਪ, ਫੇਸਬੁੱਕ ਪੇਜ, ਪ੍ਰੈਸ ਅਤੇ ਸਬੰਧਤ ਮੀਡੀਆ ਰਾਹੀਂ 14 ਮਾਰਚ ਨੂੰ ਇੱਕ 'ਇਤਰਾਜ ਨੋਟਿਸ' ਜਾਰੀ ਕੀਤਾ ਸੀ ਜਿਸ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਚੋਣ ਸਬੰਧੀ ਕੋਈ ਇਤਰਾਜ ਹੈ ਉਹ ਤਿੰਨ ਦਿਨ੍ਹਾਂ (17 ਮਾਰਚ 2025 ਸ਼ਾਮ 5 ਵਜੇ ਤੱਕ) ਦੇ ਅੰਦਰ-ਅੰਦਰ ਆਪਣੇ ਇਤਰਾਜ ਪ੍ਰਗਟ ਕਰ ਸਕਦਾ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਨੋਟਿਸ ਦਾ ਸਮਾਂ ਪੂਰਾ ਹੋਣ ਤੱਕ ਕਿਸੇ ਵਿਅਕਤੀ ਦਾ ਵੀ ਕੋਈ ਇਤਰਾਜ ਨਹੀਂ ਆਇਆ ਹੈ ਸਗੋਂ 11 ਵਿਅਕਤੀਆਂ ਦੇ ਸਹਿਮਤੀ ਪੱਤਰ ਹਾਜ਼ਿਰ ਹੋਏ ਹਨ। ਇਸ ਲਈ ਮਹਿਕ ਵਤਨ ਦੀ ਫਾਉਂਡੇਸ਼ਨ ਸੋਸਾਇਟੀ (ਰਜਿ:) ਮੋਗਾ ਦੀ ਚੋਣ ਮੁਕੰਮਲ ਹੋ ਗਈ ਹੈ। ਜਲਦੀ ਹੀ ਨਵੀਂ ਕਮੇਟੀ ਦੀ ਮੀਟਿੰਗ ਬੁਲਾ ਕੇ 01 ਅਪ੍ਰੈਲ 2025 ਤੋਂ ਮਹਿਕ ਵਤਨ ਦੀ ਫਾਉਂਡੇਸ਼ਨ ਸੋਸਾਇਟੀ (ਰਜਿ:) ਮੋਗਾ ਦੇ ਅਧੂਰੇ ਅਤੇ ਨਵੇਂ ਕਾਰਜ ਸ਼ੁਰੂ ਕੀਤੇ ਜਾਣਗੇ।

# ਪੂਰੀ ਸ਼ਰਧਾ, ਸਤਿਕਾਰ ਅਤੇ ਧੂਮਧਾਮ ਨਾਲ ਮਨਾਇਆ ਗਿਆ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੀ ਯਾਦ ਵਿਚ ਸਲਾਨਾ ਸ਼ਹੀਦੀ ਜੋੜ ਮੇਲਾ ਤੇ ਸੰਤ ਨਛੱਤਰ ਸਿੰਘ ਜੀ ਦੀ ਯਾਦ ਵਿਚ ਸਲਾਨਾ ਸਮਾਗਮ

## ਮੇਰੇ ਕੋਲ ਅਜਿਹੇ ਕੋਈ ਸ਼ਬਦ ਨਹੀਂ ਹਨ ਜਿਨ੍ਹਾਂ ਦੁਆਰਾ ਮੈਂ ਆਈਆਂ ਹੋਈਆਂ ਸੰਗਤਾਂ ਅਤੇ ਸੇਵਾ ਨਿਭਾਉਣ ਵਾਲੇ ਸੇਵਾਦਾਰਾਂ ਦਾ ਧੰਨਵਾਦ ਕਰ ਸਕਾਂ - ਬਾਬਾ ਗੁਰਦੀਪ ਸਿੰਘ ਜੀ ਚੰਦੂਪਰਾਣਾ

### ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ ਨੇ ਛਬੀਲਾਂ ਅਤੇ ਲੰਗਰ ਲਗਾਉਣ ਵਾਲੀਆਂ ਕਮੇਟੀਆਂ ਦਾ ਕੀਤਾ ਵਿਸ਼ੇਸ਼ ਧੰਨਵਾਦ





**ਚੰਦ ਪੁਰਾਣਾ ਮੋਗਾ ਤੋਂ ਭਵਨਦੀਪ ਸਿੰਘ ਪੁਰਬਾ ਦੀ ਵਿਸ਼ੇਸ਼ ਰਿਪੋਰਟ**

ਦੇਸ਼ ਵਿਦੇਸ਼ ਵਿੱਚ ਪ੍ਰਸਿੱਧ ਉੱਤਰੀ ਭਾਰਤ ਦਾ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ) ਚੰਦ ਪੁਰਾਣਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮੁੱਖ ਸੇਵਾਦਾਰ ਸਮਾਜ ਸੇਵੀ ਬਾਬਾ ਗੁਰਦੀਪ ਸਿੰਘ ਜੀ ਵੱਲੋਂ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੀ ਯਾਦ ਅਤੇ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਦੀ ਬਰਸੀ ਨੂੰ ਸਮਰਪਿਤ ਸਾਲਾਨਾ ਸ਼ਹੀਦੀ ਜੋੜ ਮੇਲਾ ਪੂਰੀ ਸ਼ਰਧਾ, ਸਤਿਕਾਰ ਅਤੇ ਧੂਮਧਾਮ ਨਾਲ ਮਨਾਇਆ ਗਿਆ।

ਇਸ ਮੌਕੇ ਸੰਗਤ ਦੁਆਰਾ ਕਰਵਾਏ ਗਏ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ।ਉਪਰੰਤ ਸਜਾਏ ਦੀਵਾਨ 'ਚ ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣੇ ਵਾਲੇ, ਸੰਤ ਬਾਬਾ ਮਹਿੰਦਰ ਸਿੰਘ ਜਨੇਰ, ਸੰਤ ਬਾਬਾ ਭਾਗ ਸਿੰਘ ਜੀ ਨਾਨਕਸਰ ਵਾਲੇ, ਬਾਬਾ ਬੰਤਾ ਸਿੰਘ ਜੀ ਮੁੰਡਾ ਸਿੰਘ ਵਾਲੇ (ਕਥਾ ਵਾਚਕ), ਬਾਬਾ ਸਤਨਾਮ ਸਿੰਘ ਜੀ ਕਪੂਰਿਆਂ ਵਾਲੇ, ਬਾਬਾ ਮੋਹਨ ਸਿੰਘ ਜੀ ਕਪੂਰੇ, ਬਾਬਾ ਮੋਹਨ ਸਿੰਘ ਜੀ ਬਰਗਾੜੀ, ਬਾਬਾ ਗੋਰੇ ਸ਼ਾਹ ਜੀ ਡੇਰਾ ਭੱਟੀਆਨਾ, ਮਹੰਤ ਦੇਵਾਨੰਦ ਜੀ ਸੁਖਾਨੰਦ, ਬਾਬਾ ਅਨੂਪ ਸਿੰਘ ਜੀ ਬਠਿੰਡਾ, ਬਾਬਾ ਜਗਰੂਪ ਸਿੰਘ, ਬਾਬਾ ਸਰਬਜੀਤ ਸਿੰਘ ਭੋਰੋਵਾਲ, ਬਾਬਾ ਭੁਪਿੰਦਰ ਸਿੰਘ ਜੀ ਲੰਗਿਆਣਾ, ਸੰਤ ਜਸਵਿੰਦਰ ਸਿੰਘ ਜੀ ਘੋਲੀਆ, ਸੰਤ ਵੀਰ ਸਿੰਘ ਜੀ ਪੰਜ ਗਰਾਈ ਕਲਾਂ ਵਾਲੇ, ਸੰਤ ਬਾਬਾ ਹਰਜਿੰਦਰ ਸਿੰਘ ਜੀ ਗੁਰੂ ਕੀ ਮਟੀਲੀ (ਬਾਘਾ ਪੁਰਾਣਾ), ਸੰਤ ਬਾਬਾ ਸੁਖਪ੍ਰੀਤ ਸਿੰਘ ਜੀ ਰਾਜੇਆਣਾ, ਗਿਆਨੀ ਅਜੀਤ ਸਿੰਘ ਖੋਸਾ ਕੋਟਲਾ ਵਾਲੇ, ਮਹੰਤ ਚਮਕੌਰ ਸਿੰਘ ਪੰਜਗਰਾਈ ਕਲਾਂ, ਭਾਈ ਬਲਜੀਤ ਸਿੰਘ ਜੀ ਅੰਮ੍ਰਿਤਸਰ, ਸੰਤ ਬਾਬਾ ਨਛੱਤਰ ਸਿੰਘ ਜੀ ਭਲੂਰ, ਬਾਬਾ ਦੀਪਕ ਸਿੰਘ ਜੀ ਦੌਧਰ ਵਾਲੇ, ਗਿਆਨੀ ਗੁਰਜੀਤ ਸਿੰਘ ਜੀ ਕੋਰੋਟਾਣਾ, ਸੰਤ ਬਾਬਾ ਮਹਿੰਦਰ ਸਿੰਘ ਜੀ ਜਨੇਰ, ਗਿਆਨੀ ਸੁਰਜੀਤ ਸਿੰਘ ਕੋਰਟਾਣਾ ਤੋ ਇਲਾਵਾ ਰਾਗੀ ਢਾਡੀ ਜੱਥੇ ਭਾਈ ਰਜਿੰਦਰ ਸਿੰਘ ਜੀ ਨਕੋਦਰ ਵਾਲੇ, ਭਾਈ ਸੋਹਨ ਸਿੰਘ ਜੀ ਹਜ਼ੂਰੀ ਜੱਥਾ ਚੰਦ ਪੁਰਾਣਾ, ਭਾਈ ਬਲਜਿੰਦਰ ਸਿੰਘ, ਭਾਈ ਕਮਲਜੀਤ ਸਿੰਘ ਜੀ, ਭਾਈ ਸ਼ਮਿੰਦਰ ਸਿੰਘ ਜੀ ਸੂਰਤਗੜ੍ਹ ਰਾਜਸਥਾਨ ਵਾਲੇ, ਬੀਬੀ ਮਨਪ੍ਰੀਤ ਕੌਰ ਮੋਗਾ ਵਾਲੇ, ਭਾਈ ਜਸਵਿੰਦਰ ਸਿੰਘ ਜੀ ਲੁਧਿਆਣੇ ਵਾਲੇ, ਭਾਈ ਕਰਮਜੀਤ ਸਿੰਘ ਜੀ ਬਾਘਾ ਪੁਰਾਣਾ, ਬੀਬੀ ਅਮਨਦੀਪ ਕੌਰ ਨਕੋਦਰ ਵਾਲੇ ਢਾਡੀ ਜੱਥਾ, ਭਾਈ ਹਰਮਿੰਦਰ ਸਿੰਘ ਜੀ ਬੁੱਟਰ ਵਾਲੇ, ਭਾਈ ਗੁਰਵਿੰਦਰ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਬਾਬਾ ਹਰਜਿੰਦਰ ਸਿੰਘ ਜੀ ਮੱਦੋਕੇ (ਕਥਾ ਵਾਚਕ) ਆਦਿ ਹੋਰਨਾਂ ਅਨੇਕਾਂ ਜੱਥਿਆਂ ਨੇ ਕਥਾਂ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਦੇਸ਼-ਵਿਦੇਸ਼ ਅਤੇ ਭਾਰਤ ਦੇ ਵੱਖ-ਵੱਖ ਪ੍ਰਾਂਤਾ ਤੋਂ ਪੁੱਜੀਆਂ ਹੋਈਆ ਹਜ਼ਾਰਾਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਕਿਹਾ ਕਿ ਇਸ ਸਮਾਗਮ ਵਿੱਚ ਜਿਨ੍ਹੇ ਵੀ ਸੇਵਾਦਾਰਾ ਨੇ ਜੋ-ਜੋ ਸੇਵਾ ਨਿਭਾਈ ਹੈ ਪ੍ਰਮਾਤਮਾ ਉਨ੍ਹਾਂ ਦੀ ਸੇਵਾ ਲੇਖੇ ਵਿੱਚ ਲਾਉਣ। ਬਾਬਾ ਜੀ ਨੇ ਕਿਹਾ ਕਿ ਮੇਰੇ ਕੋਲ ਅਜਿਹੇ ਕੋਈ ਸ਼ਬਦ ਨਹੀ ਹਨ ਜਿਨ੍ਹਾਂ ਦੁਆਰਾ ਮੈਂ ਆਈਆਂ ਹੋਈਆਂ ਸੰਗਤਾਂ ਅਤੇ ਸੇਵਾ ਨਿਭਾਉਣ ਵਾਲੇ ਸੇਵਾਦਾਰਾ ਦਾ ਧੰਨਵਾਦ ਕਰ ਸਕਾਂ। ਪ੍ਰਸਿੱਧ ਸ਼ਖ਼ਸੀਅਤਾਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ਼ਹੀਦ ਸ਼ਹੀਦ ਬਾਬਾ ਤੇਗਾ ਸਿੰਘ ਜੀ ਅਤੇ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਬੁਲਾਰਿਆਂ ਵੱਲੋਂ ਮੌਜੂਦਾ ਮੁੱਖ ਸੇਵਾਦਾਰ ਸਮਾਜ ਸੇਵੀ ਬਾਬਾ ਗੁਰਦੀਪ ਸਿੰਘ ਜੀ ਦੁਆਰਾ ਕੀਤੇ ਜਾ ਰਹੇ ਕਾਰਜਾਂ ਅਤੇ ਸਮਾਜ ਸੇਵੀ ਕੰਮਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਸਟੇਜ ਸੈਕਟਰੀ ਦੀ ਸੇਵਾ ਭਾਈ ਇਕਬਾਲ ਸਿੰਘ ਲੰਗੇਆਣਾ ਨੇ ਬਾਖ਼ੂਬੀ ਨਿਭਾਈ। ਸਾਲਾਨਾ ਜੋੜ ਮੇਲੇ ਤੇ ਪਹੁੰਚੀਆਂ ਸੰਗਤਾਂ ਨੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਸੰਗਤਾਂ ਦੀਵਾਲ ਹਾਲ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਪੰਜ ਮੰਜਿਲਾ ਸੱਚਖੰਡ ਸਾਹਿਬ, ਸ਼ਹੀਦ ਬਾਬਾ ਤੇਗਾ ਸਿੰਘ ਜੀ ਦੇ ਯਾਦਗਾਰੀ ਅਸਥਾਨ, ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਦੇ ਅੰਗੀਠਾ ਸਾਹਿਬ ਅਤੇ ਉੱਚੀ ਪਹਾੜੀ ਤੇ ਬਣੀ ਬਾਬਾ ਫਰੀਦ ਜੀ ਦੀ ਯਾਦਗਾਰ ਨੂੰ ਨਤਮਸਤਕ ਹੋਈਆਂ। ਵੱਡੀ ਗਿਣਤੀ ਵਿੱਚ ਹਾਜਰ ਹੋਈ ਸੰਗਤ ਵਾਸਤੇ ਕਈ ਪਿੰਡਾਂ ਦੀਆਂ ਸੰਗਤਾਂ ਤੇ ਸੇਵਾਦਾਰਾਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਗੁਰੂ ਕੇ ਲੰਗਰ, ਚਾਹ ਪਕੌੜਿਆ ਦੇ ਲੰਗਰ, ਜਲੇਬੀਆਂ ਦੇ ਲੰਗਰ, ਪ੍ਰਸ਼ਾਦੇ, ਲੱਸੀ ਦੇ ਲੰਗਰ ਅਤੇ ਛਬੀਲਾ ਆਦਿ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ। ਮੇਲੇ ਦੌਰਾਨ ਸੰਗਤਾਂ ਦੀ ਸਹੂਲਤ ਵਾਸਤੇ ਕਈ ਮੈਡੀਕਲ ਕੈਂਪ ਲਗਾਏ ਗਏ। ਐਮਰਜੈਂਸੀ ਲਈ ਐਂਬੂਲੈਂਸ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਵਿੱਚ ਸੰਗਤਾਂ ਨੇ ਬਾਬਾ ਜੀ ਦੀ ਯਾਦ ਵਿੱਚ ਖ਼ੂਨਦਾਨ ਕਰਕੇ ਇਸ ਮਹਾਨ ਦਾਨ ਵਿੱਚ ਹਿੱਸਾ ਪਾਇਆ। ਇਸ ਸਮਾਗਮ 'ਚ ਪੁੱਜਣ ਵਾਲੀਆਂ ਪ੍ਰਮੁੱਖ ਸ਼ਖ਼ਸੀਅਤਾਂ, ਸੇਵਾਦਾਰਾ ਅਤੇ ਸਹਿਯੋਗੀਆਂ ਨੂੰ ਸੰਤ ਬਾਬਾ ਗੁਰਦੀਪ ਸਿੰਘ ਵੱਲੋਂ ਵਿਸ਼ੇਸ਼ ਸਨਮਾਨ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਹੋਰਨਾ ਤੋਂ ਇਲਾਵਾ ਸਾਬਕਾ ਕੈਬਨਟ ਮੰਤਰੀ ਸ. ਜੋਗਿੰਦਰ ਸਿੰਘ ਮਾਨ, ਮੈਡਮ ਮਾਲਵਿਕਾ ਸੂਦ, ਚੇਅਰਮੈਨ ਇੰਦਰਜੀਤ ਸਿੰਘ ਬੀੜ ਚੜਿੱਕ, ਚੇਅਰਮੈਨ ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆਂ, ਮੋਗਾ ਕਾਰਪੋਰੇਸ਼ਨ ਦੇ ਮੇਅਰ ਬਲਜੀਤ ਸਿੰਘ ਚਾਨੀ, ਹਲਕਾ ਇੰਚਾਰਜ ਸੰਨੀ ਗਿੱਲ, ਡਾ. ਹਰਜੋਤ ਕਮਲ ਸਾਬਕਾ ਐਮਐਲਏ, ਚੇਅਰਮੈਨ ਬਰਜਿੰਦਰ ਸਿੰਘ 'ਮੱਖਣ' ਬਰਾੜ, ਗੁਰਨਾਮ ਸਿੰਘ ਭਾਈ ਘਨਈਆ ਜੀ ਸੁਸਾਇਟੀ ਮੋਗਾ, ਬਲਵੀਰ ਸਿੰਘ ਰਾਮੂੰਵਾਲਾ, 56 ਜੀਬੀ ਗੁਰੂ ਘਰ ਕਮੇਟੀ ਰਾਜਸਥਾਨ, ਭਾਈ ਬਲਦੇਵ ਸਿੰਘ ਜੀ ਗਲੋਬਲ ਸਕਿਉਰਟੀ ਵਾਲੇ ਦੇ ਬੇਟੇ ਗੁਰਪ੍ਰੀਤ ਸਿੰਘ ਗੋਪੀ, ਗੁਰਸੇਵਕ ਸਿੰਘ ਸੰਨਿਆਸੀ, ਸੰਤ ਰਾਮ ਮੱਲੀ ਜਨਰਲ ਸਕੱਤਰ ਬਹੁਜਨ ਸਮਾਜ ਪਾਰਟੀ ਪੰਜਾਬ, ਜਗਸੀਰ ਸਿੰਘ ਚੇਅਰਮੈਨ, ਸੂਬੇਦਾਰ ਸ. ਗੁਰਬਚਨ ਸਿੰਘ ਬਾਘਾਪੁਰਾਣਾ, ਬਲਜਿੰਦਰ ਸਿੰਘ ਕਲੇਰ ਯੂ.ਐਸ.ਏ., ਬਲਜਿੰਦਰ ਸਿੰਘ ਕੁਕੂ ਘੱਲ ਕਲਾਂ, ਭੁਪਿੰਦਰ ਸਿੰਘ ਸਾਹੋਕੇ, ਕਵਲਜੀਤ ਸਿੰਘ ਬਰਾੜ ਅਕਾਲੀ ਆਗੂ, ਪਰਮਜੀਤ ਸਿੰਘ ਇਕਨੂਰ ਮੋਗਾ, ਸ. ਅਵਤਾਰ ਸਿੰਘ, ਦਲਬੀਰ ਸਿੰਘ ਬਾਘਾ ਪੁਰਾਣਾ, ਸਮੇਤ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।



# ਚੰਦ ਪੁਰਾਣਾ ਦੇ ਸਲਾਨਾ ਸ਼ਹੀਦੀ ਜੋੜ ਮੇਲੇ ਦੀਆਂ ਝਲਕਾਂ



ਚੰਦ ਪੁਰਾਣਾ ਦੇ ਸ਼ਹੀਦੀ ਜੋੜ ਮੇਲੇ ਮੌਕੇ ਦਰਬਾਰ ਸਾਹਿਬ ਵਿਖੇ ਕੀਰਤਨੀ ਜੱਥਾ ਤੇ ਪੰਡਾਲ ਵਿਚ ਹਾਜ਼ਰੀ ਭਰਦਾ ਢਾਡੀ ਜੱਥਾ ਅਤੇ ਹੋਰ ਮਹਾਂਪੁਰਖ।



ਚੰਦ ਪੁਰਾਣਾ ਦੇ ਸ਼ਹੀਦੀ ਜੋੜ ਮੇਲੇ ਮੌਕੇ ਪਹੁੰਚੀਆਂ ਹੋਈਆਂ ਖਾਸ ਸਖ਼ਸ਼ੀਅਤਾਂ ਨੂੰ ਸਨਮਾਨਿਤ ਕਰਦੇ ਹੋਏ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ



ਚੰਦ ਪੁਰਾਣਾ ਦੇ ਸ਼ਹੀਦੀ ਜੋੜ ਮੇਲੇ ਮੌਕੇ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ।



ਚੰਦ ਪੁਰਾਣੇ ਦੇ ਸਲਾਨਾ ਸ਼ਹੀਦੀ ਜੋੜ ਮੇਲੇ ਮੌਕੇ ਤਿਆਰ ਕੀਤੀ ਗਈ ਵਿਸ਼ਾਲ ਪਾਰਕਿੰਗ ਦਾ ਦ੍ਰਿਸ਼।




# ਪੁਰਾਤਨ ਪਿੰਡ ਦੀ ਕਰਿਆਣੇ ਦੀ ਹੱਟੀ ਜਿਥੋਂ 'ਰੂੰਗਾ' ਮਿਲਦਾ ਹੁੰਦਾ ਸੀ



ਸਮਾਂ ਆਪਣੀ ਚਾਲੇ ਚੱਲਦਾ ਰਹਿੰਦਾ ਹੈ ਅਤੇ ਚਲਦੇ ਹੀ ਰਹਿਣਾ ਹੈ। ਆਪਾਂ ਨੂੰ ਸਮੇਂ ਤੇ ਹਾਲਾਤਾਂ ਨਾਲ ਬਦਲਣਾ ਪੈਂਦਾ ਹੈ ਅਤੇ ਬਦਲ ਵੀ ਰਹੇ ਹਾਂ। ਇਹ ਕੁਦਰਤ ਦਾ ਨੇਮ ਵੀ ਹੈ ਕਿ ਜੋ ਕੱਲ੍ਹ ਸੀ ਓਹ ਅੱਜ ਕਿਧਰੇ ਵੀ ਨਹੀਂ ਦਿਸਦਾ ਤੇ ਜੋ ਕੁੱਝ ਆਪਾਂ ਅੱਜ ਦੇਖ ਰਹੇ ਹਾਂ ਇਹ ਵੀ ਨਿਸ਼ਚਿੰਤ ਹੈ ਕਿ ਆਉਣ ਵਾਲੇ ਸਮੇਂ 'ਚ ਨਹੀਂ ਰਹਿਣਾ।

ਸਾਡੇ ਪੁਰਖਿਆਂ ਵੇਲੇ ਕਹਿ ਲਈਏ ਜਾਂ ਵੱਡ ਵਡੇਰਿਆਂ ਵੇਲੇ ਜੋ ਪਿੰਡਾਂ ਵਿੱਚ ਕਹਿਣ ਨੂੰ ਬੇਸ਼ੱਕ ਕਰਿਆਨੇ ਦੀਆਂ ਦੁਕਾਨਾਂ ਹੁੰਦੀਆਂ ਸਨ, ਪਰ ਓਹਨਾਂ 'ਚੋਂ ਮਿਲ ਸਭ ਕੁੱਝ ਹੀ ਜਾਂਦਾ ਸੀ। ਜੋ ਹੁਣ ਅਲੱਗ ਅਲੱਗ ਦੁਕਾਨਾਂ ਤੋਂ ਖਰੀਦਣਾ ਪੈਂਦਾ ਹੈ। ਲੂਣ ਤੇਲ ਮਿਰਚ ਮਸਾਲਾ ਭਾਵ ਰਸੋਈ ਦੇ ਸਮਾਨ ਦੇ ਨਾਲ-ਨਾਲ, ਬਹੁਕਰ ਝਾੜੂ, ਮਿੱਟੀ ਦਾ ਤੇਲ, ਸਰੋਂ ਦਾ ਤੇਲ (ਖੁਲ੍ਹੇ) ਹੁਣ ਵਾਂਗ ਬੋਤਲ ਬੰਦ ਨਹੀਂ ਸਗੋਂ ਪਲੀ ਦੇ ਨਾਲ ਸਰੋਂ ਦਾ ਤੇਲ ਤੇ ਪਲੀ ਦੇ ਨਾਲ ਹੀ ਮਿੱਟੀ ਦਾ ਤੇਲ ਮਿਲ ਜਾਂਦਾ ਸੀ। ਮੱਝਾਂ ਗਾਵਾਂ ਦੇ ਸੰਗਲ, ਖੁਰਪੇ, ਮਿਸਤਰੀ ਦੇ ਵਰਤਣ ਵਾਲਾ ਸਮਾਨ, ਸਾਰੇ ਰੰਗਾਂ ਦੀਆਂ ਰੀਲ੍ਹਾਂ, ਹਰ ਕਿਸਮ ਦਾ ਰੰਗ, ਡੋਰ, ਪਤੰਗ ਦੀ ਡੋਰ, ਚਰਖੜੀ, ਖੁਲ੍ਹਾ ਕਣਕ ਮੱਕੀ ਦਾ ਆਟਾ, ਵੇਸਣ ਗੱਲ ਕੀ ਹਰ ਓਹ ਸਮਾਨ ਪਿੰਡਾਂ 'ਚੋਂ ਮਿਲਦਾ ਰਿਹਾ ਹੈ ਜੋ ਅਜੋਕੇ ਸਮਿਆਂ ਵਿੱਚ ਅਲੱਗ ਅਲੱਗ ਦੁਕਾਨਾਂ ਤੋਂ ਮਿਲਦਾ ਹੈ। ਹੋਰ ਤਾਂ ਹੋਰ ਓਨਾਂ ਸਮਿਆਂ ਵਿੱਚ ਕਿਸਮਤ ਪੁੜੀਆਂ ਵੀ ਹਰ ਪਿੰਡ ਦੀ ਦੁਕਾਨ ਵਿੱਚ ਕਲੰਡਰਾਂ ਦੇ ਰੂਪ ਵਿੱਚ ਟੰਗੀਆਂ ਹੁੰਦੀਆਂ ਸਨ, ਜਿਥੋਂ ਅਸੀਂ ਆਪਣੀ ਮਨਪਸੰਦ ਦੀਆਂ ਕਿਸਮਤ ਪੁੜੀਆਂ ਪਟਦੇ ਰਹੇ ਹਾਂ ਅਤੇ ਆਪਣੀ ਕਿਸਮਤ ਅਜਮਾਉਂਦੇ ਰਹੇ ਹਾਂ।

ਹੁਣ ਦੀ ਗੱਲ ਕਰੀਏ ਤਾਂ ਕਿਸੇ ਕਰਿਆਣੇ ਦੀ ਦੁਕਾਨ ਤੋਂ ਮੱਝ ਦਾ ਸੰਗਲ, ਮੰਜੇ ਦੀ ਪੈਂਦ, ਚੂਹੇ ਫੜਨ ਵਾਲੀ ਕੁੜਿਕੀ ਨਹੀਂ ਮਿਲਦੀ ਸਗੋਂ ਓਹ ਦੁਕਾਨ ਹੀ ਅਲੱਗ ਹੁੰਦੀ ਹੈ, ਪਰ ਪੁਰਾਤਨ ਸਮਿਆਂ ਵਿੱਚ ਉਪਰੋਕਤ ਸਾਰਾ ਸਮਾਨ ਪੇਂਡੂ ਖਿੱਤਿਆਂ ਦੀਆਂ ਆਮ ਦੁਕਾਨਾਂ ਤੋਂ ਮਿਲਦਾ ਰਿਹਾ ਹੈ। ਸਭ ਤੋਂ ਵੱਡੀ ਗੱਲ ਕਿ ਹਰ ਇੱਕ ਚੀਜ਼ ਲੈਣ ਤੋਂ ਬਾਅਦ ਜੋ 'ਰੂੰਗਾ' ਮਿਲਦਾ ਸੀ ਓਹ ਅੱਜ ਕੱਲ੍ਹ ਦੇ ਅਗਾਂਹਵਧੂ ਜ਼ਮਾਨੇ ਦੀਆਂ ਵੱਡੀਆਂ ਵੱਡੀਆਂ ਦੁਕਾਨਾਂ ਜਾਂ ਵੱਡੇ-ਵੱਡੇ ਮਾਲਾਂ ਵਿੱਚੋਂ ਨਹੀਂ ਮਿਲਦਾ। ਮਿਲਦਾ ਹੀ ਬਲਕਿ ਸਾਡੀ ਅਜੋਕੀ ਪੀੜ੍ਹੀ ਰੂੰਗਾ ਜਾਣਦੀਆਂ ਹੀ ਨਹੀਂ ਕਿ ਰੂੰਗਾ ਕਹਿੰਦੇ ਕੀਹਨੂੰ ਹਨ? ਓਦੋਂ ਅਸੀਂ ਥੋੜਾ ਥੋੜਾ ਸਮਾਨ ਦੁਕਾਨ ਤੋਂ ਲੈਣ ਜਾਂਦੇ ਸਾਂ ਭੱਜ ਭੱਜ ਕੇ, ਸਿਰਫ਼ ਵਾਰ ਵਾਰ ਰੂੰਗਾ ਲੈਣ ਲਈ। ਸੌਦਾ ਲੈਣ ਤੋਂ ਬਾਅਦ ਦੁਕਾਨਦਾਰ ਨੂੰ ਕਹਿਣਾ ਕਿ ਲਿਆ ਰੂੰਗਾ ਦੇਹ ਤਾਂ ਓਹਨੇ ਜੁਆਕਾਂ ਦੇ ਹੱਥ ਤੇ ਖਿੱਲਾਂ ਫੁਲੀਆਂ ਪਤਾਸੇ ਜਾਂ ਮਿੱਠੀਆਂ ਦੋ ਗੋਲੀਆਂ ਦੇ ਦੇਣੀਆਂ, ਇਸ ਨਾਲ ਦੁਕਾਨਦਾਰ ਦੀ ਵਿਕਰੀ ਵੀ ਵਧਦੀ ਸੀ ਕਿਉਂਕਿ ਜਿਹੜਾ ਦੁਕਾਨਦਾਰ ਜ਼ਿਆਦਾ ਰੂੰਗਾ ਦਿੰਦਾ ਸੀ ਅਸੀਂ ਸਮਾਨ ਵੀ ਓਥੋਂ ਹੀ ਲਿਆਉਂਦੇ ਸਾਂ। ਸੱਚੀਂ ਮੁੱਚੀਂ ਜਿਨ੍ਹਾਂ ਪਿਆਰ ਸਤਿਕਾਰ ਇਨ੍ਹਾਂ ਛੋਟੀਆਂ ਪੇਂਡੂ ਦੁਕਾਨਾਂ ਤੋਂ ਮਿਲਦਾ ਰਿਹਾ ਹੈ ਓਨਾ ਅਜੋਕੇ ਸਮੇਂ ਵਿੱਚ ਬਣੇ ਅਸਮਾਨ ਛੂੰਹਦੇ ਮਾਲਾਂ ਵਿੱਚੋਂ ਨਹੀਂ ਮਿਲਦਾ।

ਪਰ ਹੁਣ ਹੋਰ ਈ ਗੁੱਡੀਆਂ ਤੇ ਹੋਰ ਈ ਪਟੋਲੇ ਹੋ ਗਏ ਨੇ। ਸਮੇਂ ਨਾਲ ਓਹ ਦੁਕਾਨਾਂ ਨੇ ਪਿੰਡਾਂ ਵਿੱਚ ਵੀ ਆਪਣਾ ਰੂਪ ਬਦਲ ਕੇ ਮਾਲ ਦਾ ਰੂਪ ਅਖ਼ਤਿਆਰ ਕਰ ਲਿਆ ਹੈ, ਭਾਵ ਵੱਡੇ ਵੱਡੇ ਏ ਸੀ ਅਤੇ ਸ਼ੀਸ਼ੇ ਲਾ ਕੇ ਬੰਦ ਦੁਕਾਨਾਂ ਬਣ ਗਈਆਂ ਹਨ ਤੇ ਸ਼ਹਿਰਾਂ ਦੀ ਤਾਂ ਗੱਲ ਈ ਛੱਡੋ। ਪਰ ਹੁਣ ਇਨ੍ਹਾਂ ਏ ਸੀ ਵਾਲੇ ਵੱਡੇ ਮਾਲਾਂ ਵਿੱਚ 'ਰੂੰਗਾ' ਕਿਤੋਂ ਵੀ ਨਹੀਂ ਮਿਲਦਾ ਤੇ ਆਮ ਦਿਹਾੜੀਦਾਰ ਬੰਦਾ ਇਨ੍ਹਾਂ ਮਹਿੰਗੇ ਏ ਸੀ ਮਾਲਾਂ ਭਾਵ ਦੁਕਾਨਾਂ ਅੰਦਰ ਜਾਣ ਤੋਂ ਕੰਨੀ ਕਤਰਾਉਂਦਾ ਹੈ, ਕਿਉਂਕਿ ਅੰਤਾਂ ਦੀ ਮਹਿੰਗਾਈ ਨੇ ਗਰੀਬ ਵਿਅਕਤੀ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ, ਦੋ ਡੰਗ ਦੀ ਰੋਟੀ ਦੇ ਲਾਲੇ ਪਏ ਹੋਏ ਹਨ।

ਸੋ ਦੋਸਤੋ ਗੱਲ ਓਹੀ ਹੈ ਕਿ ਸਮੇਂ ਸਮੇਂ ਨਾਲ ਬਦਲਾਅ ਆਉਣਾ ਕੁਦਰਤੀ ਨੇਮ ਹੈ, ਪਰ ਕਦੇ ਕਦੇ ਜਦੋਂ ਇਹੋ ਜਿਹੀ ਕੋਈ ਫੋਟੋ (ਜੋ ਲੇਖ 'ਚ ਨਜ਼ਰ ਆਉਂਦੀ ਹੈ) ਤਾਂ ਸੁਭਾਵਿਕ ਹੀ ਇਸ ਤੋਂ ਇੱਕ ਲੇਖ ਬਣ ਜਾਂਦਾ ਹੈ ਤੇ ਅਖਬਾਰਾਂ ਰਾਹੀਂ ਦੋਸਤਾਂ ਮਿੱਤਰਾਂ ਨਾਲ ਸਾਂਝ ਪਾ ਲਈਦੀ ਹੈ ਗੱਲਾਂ ਬਾਤਾਂ ਦੀ। ਇਹ ਸਾਡਾ ਅਨਿਖੜਵਾਂ ਵਿਰਸਾ ਰਿਹਾ ਹੈ ਅਤੇ ਇਹਦਾ ਅਨੰਦ ਵੀ ਮਾਣਦੇ ਰਹੇ ਹਾਂ ਪਰ ਹੁਣ ਇਹ ਦੁਕਾਨਾਂ ਸੁਪਨਾ ਹੋ ਗਈਆਂ ਹਨ। ਇਹ ਗੱਲ ਤਾਂ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਮੇਰੀ ਹਮ ਉਮਰ ਦੋਸਤ ਭਾਵ ਸੱਠ ਸਾਲ ਤੋਂ ਉੱਪਰ ਵਾਲੇ ਇਹੋ ਜਿਹੇ ਲੇਖਾਂ ਨੂੰ ਉਡੀਕਦੇ ਵੀ ਰਹਿੰਦੇ ਹਨ ਤੇ ਫੋਨ ਕਰਕੇ ਹੌਸਲਾ ਅਫ਼ਜ਼ਾਈ ਵੀ ਕਰਦੇ ਹਨ ਤੇ ਕਈ ਕਈ ਦੋਸਤ ਭਾਵੁਕ ਵੀ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਨੇ ਵੇਖਿਆ ਤਾਂ ਇਹ ਸੱਭ ਕੁਝ ਹੈ ਪਰ ਸਮੇਂ ਵਾਪਿਸ ਆਉਣ ਦੀ ਕੋਈ ਉਮੀਦ ਨਹੀਂ ਹੈ।

- ਜਸਵੀਰ ਸ਼ਰਮਾਂ ਦੱਦਾਹੂਰ, ਸ੍ਰੀ ਮੁਕਤਸਰ ਸਾਹਿਬ। ਮੋ. 95691-49556

ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



## ਕੀ ਤੁਹਾਨੂੰ ਪਤਾ ਹੈ
# ਸਾਡਾ ਪੰਜਾਬੀ ਵਿਰਸਾ

011

ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)



01. ਛੋਲਿਆਂ ਦੀਆਂ ਭੁੰਨੀਆਂ ਹਰੀਆਂ ਫਲੀਆਂ ਨੂੰ 'ਹੋਲਾਂ' ਕਹਿੰਦੇ ਹਨ।
02. 'ਖੱਖੜੀ' ਇਕ ਖਾਣ ਵਾਲੀ ਵਸਤੂ ਹੈ ਜੋ ਖਰਬੂਜੇ ਦੀ ਕਿਸਮ ਵਿਚੋਂ ਹੈ। ਇਸ ਦਾ ਆਕਾਰ ਲੰਬਾਈ ਵਿੱਚ ਹੁੰਦਾ ਹੈ।



03. ਸਮਾਨ ਜਾਂ ਰਾਸ਼ਨ ਦੀ ਸਮੱਗਰੀ ਨੂੰ 'ਰਸਦ' ਕਿਹਾ ਜਾਦਾ ਹੈ।
04. ਖਾਲਕ ਜਾਂ ਸ਼ੁਧ ਚੀਜ਼ ਨੂੰ 'ਨਿਰੋਲ' ਕਹਿੰਦੇ ਹਨ
05. ਖੀਰ ਅਤੇ ਚੌਲ ਆਦਿ ਬਣਾਉਣ ਸਮੇਂ ਜੋ ਭਾਂਡੇ ਦੇ ਨਾਲ ਲੱਗੀ ਰਹਿ ਜਾਦੀ ਹੈ ਉਸ ਖੁਰਚਨ ਨੂੰ 'ਘਰੋੜੀ' ਆਖਦੇ ਹਨ।
06. 'ਦਾਰੂ' ਸ਼ਬਦ ਦਵਾਈ ਲਈ ਵੀ ਵਰਤਿਆ ਜਾਦਾ ਹੈ ਅਤੇ ਦਾਰੂ ਸ਼ਰਾਬ ਨੂੰ ਵੀ ਕਿਹਾ ਜਾਦਾ ਹੈ।
07. ਪੀਸੀ ਹੋਈ ਦਵਾਈ ਨੂੰ 'ਫੱਕੀ' ਕਿਹਾ ਜਾਦਾ ਹੈ।
08. ਪਾਣੀ ਦੇ ਜ਼ੋਰ ਨਾਲ ਚੱਲਣ ਵਾਲੀ ਆਟਾ ਚੱਕੀ ਨੂੰ 'ਘਰਾਟ' ਕਹਿੰਦੇ ਹਨ।
09. ਸਾਗ ਵਿਚ ਪਾਇਆ ਜਾਣ ਵਾਲਾ ਮੱਕੀ ਦਾ ਆਟਾ ਜਿਸ ਨਾਲ ਸਾਗ ਵਧੀਆ ਘੁਲ ਜਾਂਦਾ ਹੈ ਉਸ ਨੂੰ 'ਆਲਣ' ਕਹਿੰਦੇ ਹਨ।



10. ਜੋ ਪਸ਼ੂ ਦੁੱਧ ਦਿੰਦਾ ਹੈ ਉਸ ਨੂੰ ਲਵੇਰਾ ਕਿਹਾ ਜਾਦਾ ਹੈ।

ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ
E-mail: mehakwattandi@rediffmail.com, Help Line: (+91)-9988-92-9988

ਧਾਰਮਿਕ ਸਮਾਗਮ, ਧਾਰਮਿਕ ਦੀਵਾਨ, ਸੱਭਿਆਚਾਰਕ ਪ੍ਰੋਗਰਾਮ, ਸਾਹਿਤਕ ਪ੍ਰੋਗਰਾਮ, ਧਾਰਮਿਕ ਦਿਨ ਤਿਉਹਾਰਾਂ, ਖੇਡਾਂ ਦਾ
ਮਹਿਕ ਵਤਨ ਦੀ ਲਾਈਵ ਟੀ.ਵੀ. ਤੇ
ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ/ ਚੀਫ ਡਾਇਰੈਕਟਰ)
ਸਿੱਧਾ ਪ੍ਰਸਾਰਨ
ਕਰਵਾਉਣ ਲਈ ਸੰਪਰਕ ਕਰੋ!
Contact For
Live Telicast
Help Line: 9988 92 9988
Monthly Magazine * Daily Online Newspaper * Web TV Channel
www.mehakwatandilive.com

# ਆਓ ਮਾਂ ਬੋਲੀ ਪ੍ਰਤੀ ਫ਼ਰਜ਼ ਨਿਭਾਈਏ !

ਕੌਮਾਂਤਰੀ ਮਾਂ ਬੋਲੀ ਦਿਵਸ ਦੇ ਸਬੰਧ ਵਿੱਚ ਪੰਜਾਬ ਸਰਕਾਰ ਵਲੋਂ ਮਾਂ ਬੋਲੀ ਪੰਜਾਬੀ ਨੂੰ ਸਰਕਾਰੀ ਦਫ਼ਤਰਾਂ ਵਿੱਚ ਲਾਗੂ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਸਾਹਿਤਕ ਜਥੇਬੰਦੀਆਂ ਵਲੋਂ ਵੀ ਪੰਜਾਬੀ ਮਾਂ ਬੋਲੀ ਨੂੰ ਪੂਰੀ ਤਰਾਂ ਲਾਗੂ ਕਰਵਾਉਣ ਲਈ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਜਾਰੀ ਹੈ। ਪਰ ਅਜੇ ਤੱਕ ਪੂਰੀ ਤਰ੍ਹਾਂ ਮਾਂ ਬੋਲੀ ਲਾਗੂ ਨਹੀਂ ਹੋ ਸਕੀ। ਮੁਢਲੇ ਰੂਪ ਵਿੱਚ ਵਸੇ ਪੰਜਾਬੀਆਂ ਦੀ ਬੋਲ ਚਾਲ ਦੀ ਬੋਲੀ ਦਾ ਮੁੱਢ ਨੌਂਵੀਂ ਸਦੀ ਵਿੱਚ ਬੱਝਿਆ ਦੱਸਿਆ ਜਾਂਦਾ ਹੈ, ਬਾਬਾ ਸ਼ੇਖ ਫ਼ਰੀਦ, ਗੁਰੂ ਨਾਨਕ ਦੇਵ ਜੀ, ਯੋਗੀਆਂ, ਮੁਛੰਦਰਾਂ ਵੇਲੇ ਦੀ ਇਹ ਬੋਲੀ ਨੇ ਜਿੱਥੇ ਬਹੁਤ ਤਰੱਕੀ ਕੀਤੀ ਹੈ। ਹੁਣ ਦੁਨੀਆਂ ਪੱਧਰ 'ਤੇ ਪੰਜਾਬੀ ਭਾਸ਼ਾ ਵਿੱਚ ਲਿਖੇ ਬੋਰਡ ਵੀ ਵੇਖਣ ਨੂੰ ਮਿਲਣ ਲੱਗੇ ਹਨ। ਵਿਦੇਸ਼ੀ ਲੋਕ ਪੰਜਾਬੀ ਅਪਣਾਉਣ ਲੱਗੇ ਹਨ। ਪਰ ਪੰਜਾਬੀ ਜ਼ਿਆਦਾ ਨਵੀਨ ਬਣਨ ਦੀ ਹੋੜ ਵਿੱਚ ਮੋਹ ਤੋੜ ਹੋ ਰਹੇ ਹਨ।

ਪਾਕਿਸਤਾਨ ਵਿੱਚ ਸੱਠ ਫੀਸਦੀ ਲੋਕ ਪੰਜਾਬੀ ਬੋਲਦੇ ਹਨ ਜਦਕਿ ਭਾਰਤ ਵਿੱਚ ਸਿਰਫ ਪੌਣੇ ਚਾਰ ਫੀਸਦੀ ਲੋਕ ਪੰਜਾਬੀ ਬੋਲਦੇ ਹਨ। ਪੰਜਾਬੀ ਭਾਸ਼ਾ ਨੂੰ ਦੇਸ਼ ਵਿੱਚ ਹੀ ਖੋਰਾ ਲਗਾਉਣ ਦੀਆਂ ਮੰਗਾਂ ਮਾੜੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਪੰਜਾਬ ਦੇ ਸ਼ਹਿਰ ਹੀ ਨਹੀਂ ਪਿੰਡਾਂ ਵਿੱਚ ਸਾਡੇ ਦੇਸੀ ਲੋਕ ਵੀ ਆਪਣੇ ਬੱਚਿਆਂ ਨਾਲ ਅੰਗਰੇਜ਼ੀ ਨੂੰ ਮੂੰਹ ਮਾਰ ਰਹੇ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਜਾਬੀ ਭਾਸ਼ਾ ਅਤੇ ਬੋਲੀ ਦਾ ਸਭ ਤੋਂ ਵੱਡਾ ਸਰੋਤ ਹੈ। ਜਿਸ ਕਾਰਨ ਬੋਲੀ ਸਦੀਵੀ ਰਹੇਗੀ। ਪੰਜਾਬੀ ਗਾਇਕੀ ਦਾ ਪੰਜਾਬੀ ਬੋਲੀ ਨੂੰ ਕੌਮੀ ਪੱਧਰ ਤੇ ਪ੍ਰਸਿੱਧ ਕਰਨ ਵਿੱਚ ਬਹੁਤ ਯੋਗਦਾਨ ਹੈ। ਗੈਰ ਪੰਜਾਬੀ ਲੋਕ ਵੀ ਪੰਜਾਬੀ ਗੀਤਾਂ ਦਾ ਅਨੰਦ ਲੈ ਰਹੇ ਹਨ। ਸਾਹਿਤਕਾਰ, ਰੰਗ ਕਰਮੀਆਂ ਦਾ ਵੀ ਵਿਲੱਖਣ ਯੋਗਦਾਨ ਹੈ। ਦੁਨੀਆਂ ਵਿੱਚ ਸੱਤ ਹਜ਼ਾਰ ਤੋਂ ਜ਼ਿਆਦਾ ਭਾਸ਼ਾ ਤੇ ਬੋਲੀਆਂ ਹਨ। ਜਿਨ੍ਹਾਂ ਵਿਚੋਂ ਕੁੱਝ ਬੋਲੀਆਂ ਭਾਸ਼ਾਵਾਂ ਅਲੋਪ ਹੋਣ ਜਾ ਰਹੀਆਂ ਹਨ। ਆਉਣ ਵਾਲੇ ਦਸ ਸਾਲਾਂ ਤੱਕ ਪੰਜਾਬੀ ਮਾਂ ਬੋਲੀ ਵੀ ਉਹਨਾਂ ਵਿੱਚ ਸ਼ੁਮਾਰ ਹੋ ਸਕਦੀ ਹੈ। ਦੁਨੀਆਂ ਦੀ ਚੌਦਵੀਂ ਭਾਸ਼ਾ ਹੈ ਪੰਜਾਬੀ। ਇਸ ਦਾ ਪਿਛਲੇ ਕਦਮ ਮੁੜਨਾ ਪੰਜਾਬੀ ਮਾਂ ਬੋਲੀ ਤੇ ਭਾਸ਼ਾ ਦੇ ਪ੍ਰਸ਼ੰਸਕਾਂ ਲਈ ਫ਼ਿਕਰ ਦਾ ਮੁੱਦਾ ਹੈ।

ਮਾਂ ਬੋਲੀ ਨੂੰ ਬਚਾਉਣ ਵਿੱਚ ਸਰਕਾਰਾਂ ਦੀ ਬਹੁਤ ਵੱਡੀ ਭੂਮਿਕਾ ਹੈ। ਜੋਕਿ ਸਾਰਥਿਕਤਾ ਨਾਲ ਨਹੀਂ ਨਿਭਾਈ ਗਈ। ਪੁਲੀਸ, ਕਚਿਹਰੀ, ਮਾਲ ਵਿਭਾਗ ਵਿੱਚ ਅਜੇ ਵੀ ਫ਼ਾਰਸੀ, ਉਰਦੂ ਦੇ ਸ਼ਬਦ ਆਦਿ ਉਪਯੋਗ ਹੁੰਦੇ ਹਨ। ਕਿਸੇ ਵੀ ਭਾਸ਼ਾ ਦਾ ਗਿਆਨ ਨਹੀਂ ਬੁਰਾ ਪਰ ਮਾਂ ਨੂੰ ਛੱਡ ਕੇ ਮਾਸੀ ਨੂੰ ਗਲ ਲਾਉਣਾ ਧ੍ਰੋਹ ਹੈ। ਬੇਸ਼ਕ ਪੰਜ ਪੰਜ ਐਮ ਕਰੋ। ਸਾਨੂੰ ਜੋ ਵੀ ਰੁਤਬਾ ਸਥਾਨ ਮਿਲਿਆ ਹੈ ਉਹ ਪੰਜਾਬੀ ਭਾਸ਼ਾ ਅਤੇ ਬੋਲੀ ਦੇ ਕਰਕੇ ਹੀ ਹੈ। ਸਾਡਾ ਵਿਰਸਾ ਸਭਿਆਚਾਰ ਬਹੁਤ ਅਮੀਰ ਹੈ। ਬਹੁਤ ਮਾਣ ਕਰਨ ਯੋਗ ਹੈ। ਹੋਰ ਕਿਤੇ ਵੀ ਐਨੀ ਅਮੀਰੀ ਨਹੀਂ ਹੈ। ਸਤਿਕਾਰਤ ਬਾਹੂ, ਬੁੱਲ੍ਹਾ, ਵਾਰਸ, ਬਾਬਾ ਨਜ਼ਮੀ, ਸ਼ਿਵ, ਪ੍ਰੋ. ਮੋਹਨ ਸਿੰਘ ਵਰਗੇ ਮਹਾਨ ਕਲਮਕਾਰ ਸਾਡਾ ਸਰਮਾਇਆ ਹਨ। ਅਜੇ ਵੀ ਪਾਕਿਸਤਾਨ ਵਿੱਚ ਸਾਡੇ ਤੋਂ ਜ਼ਿਆਦਾ ਪੰਜਾਬੀ ਬੋਲੀ ਨੂੰ ਬੋਲਿਆ ਜਾ ਰਿਹਾ ਹੈ। ਬਾਬਾ ਨਜ਼ਮੀ ਦੀ ਠੇਠ ਪੰਜਾਬੀ ਕਿਸ ਦਾ ਦਿਲ ਨਹੀਂ ਟੁੰਬਦੀ। ਅਸੀ ਛੋਟੇ ਬੱਚਿਆਂ ਨਾਲ ਵੀ ਅੰਗਰੇਜ਼ ਬਣਨ ਦੀ ਕੋਸ਼ਿਸ਼ ਕਰਦੇ ਹਾਂ। ਸਾਡੇ ਲੋਕ ਆਪ ਵੀ ਅੰਗਰੇਜੀ ਬੋਲ ਕੇ ਖ਼ੁਦ ਨੂੰ ਵੱਡਾ ਤੇ ਖਾਸ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਨਿੱਜੀ ਸਕੂਲ ਵੀ ਪੰਜਾਬੀ ਵਿੱਚ ਬੋਲਚਾਲ ਦੀ ਬਜਾਏ ਅੰਗਰੇਜ਼ੀ ਹਿੰਦੀ ਨੂੰ ਤਰਜ਼ੀਹ ਦਿੰਦੇ ਹਨ। ਸ਼ਹਿਰੀ ਲੋਕ ਘਰਾਂ ਵਿੱਚ ਹਿੰਦੀ, ਅੰਗਰੇਜ਼ੀ ਦੇ ਸ਼ਬਦ ਬੋਲ ਦੇ ਹਨ। ਸਾਡੇ ਦੇਸੀ ਲੋਕ ਵੀ ਬੱਚਿਆਂ ਨੂੰ ਅੰਗਰੇਜ਼ ਬਣਾਉਣ ਦੀ ਹੋੜ ਵਿੱਚ ਪੰਜਾਬੀ ਨਾਲ ਧ੍ਰੋਹ ਕਮਾ ਰਹੇ ਹਨ ਜਦਕਿ ਮਾਤ ਭਾਸ਼ਾ ਵਿੱਚ ਪ੍ਰਵੀਨ ਹੋ ਕੇ ਹੋਰ ਬੋਲੀਆਂ 'ਚ ਸੌਖੀ ਮੁਹਾਰਤ ਮਿਲ ਸਕਦੀ ਹੈ। ਮਾਂ ਬੋਲੀ ਬੋਲਣ ਵਾਲਾ ਗਵਾਰਾ ਨਹੀਂ ਹੁੰਦਾ ਸਗੋਂ ਉਹ ਵੱਡਾ ਹੁੰਦਾ ਹੈ।

ਸਰਕਾਰ ਨੂੰ ਚਾਹੀਦਾ ਹੈ ਆਪਣੇ ਵਾਅਦਿਆਂ ਨੂੰ ਅਮਲੀ ਜਾਮਾ ਪਹਿਨਾਵੇ। ਪੰਜਾਬੀ ਭਾਸ਼ਾ ਵਿਚ ਤਖਤੀਆਂ, ਦਿਸ਼ਾ ਬੋਰਡ ਲਗਾਉਣੇ ਯਕੀਨੀ ਬਣਾਏ ਜਾਣ। ਸਰਕਾਰੀ ਦਫ਼ਤਰਾਂ ਵਿੱਚ ਚਿੱਠੀ ਪੱਤਰ ਵੀ ਪੰਜਾਬੀ ਵਿਚ ਹੋਵੇ। ਪੰਜਾਬੀ ਮਾਂ ਬੋਲੀ ਦੇ ਪ੍ਰਸੰਸਕ ਪੈਰੋਕਾਰ ਵੀ ਮਾਂ ਬੋਲੀ ਪ੍ਰਤੀ ਆਪਣੇ ਫ਼ਰਜ਼ ਨਿਭਾਉਣ। ਗਲੀ ਮੁਹੱਲੇ, ਘਰਾਂ, ਦੁਕਾਨ, ਬਜ਼ਾਰ ਦੇ ਬੋਰਡ ਪੰਜਾਬੀ ਵਿਚ ਹੋਣ। ਪੰਜਾਬੀ ਮਾਂ ਬੋਲੀ ਦੇ ਸਪੁੱਤਰ ਹੋਣ ਦੇ ਫ਼ਰਜ਼ ਅਦਾ ਕਰਦਿਆਂ ਘਰਾਂ ਵਿਚ ਅਤੇ ਪਿੰਡਾਂ ਵਿਚ ਅਖਬਾਰ ਪੁਸਤਕਾਂ ਲਾਜ਼ਮੀਂ ਹੋਣ। ਸਾਡੇ ਮੂੰਹ 'ਚੋਂ ਆਪੇ ਨਿਕਲੇ, ਸਾਨੂੰ ਮਾਣ ਪੰਜਾਬੀ ਹੋਣ ਤੇ!

-ਰਾਜਵਿੰਦਰ ਰੌਤਾ, ਮੋਗਾ 98764-86187




# 'ਦਿ ਸਟੋਰੀ ਟੈੱਲਰ' ਫ਼ਿਲਮ ਕਲਾ ਅਤੇ ਬਾਜ਼ਾਰ ਵਿਚਕਾਰ ਟਕਰਾਅ

- ਕਲਪਨਾ ਪਾਂਡੇ
Mob. 90825-74315
kalpanapandey281083@gmail.com





ਸਤਿਆਜੀਤ ਰੇ ਦੀ "ਗੋਲਪੋ ਬੋਲਿਏ ਤਾਰਿਨੀ ਖ਼ੁਰੂ" ਕਹਾਣੀ 'ਤੇ ਆਧਾਰਿਤ, ਅਨੰਤ ਮਹਾਦੇਵਨ ਦੀ ਫਿਲਮ ਦਿ ਸਟੋਰੀਟੈੱਲਰ (2025) ਅਸਲ ਮਿਹਨਤ ਅਤੇ ਪੈਸੇ ਵਿਚਕਾਰ ਦੇ ਟਕਰਾਅ ਨੂੰ ਕੇਂਦਰ ਵਿੱਚ ਰੱਖਦੀ ਹੈ। ਇਹ ਫਿਲਮ ਦੋ ਬਹੁਤ ਹੀ ਵੱਖਰੇ ਕਿਰਦਾਰਾਂ ਦੀ ਕਹਾਣੀ ਦਰਸਾਉਂਦੀ ਹੈ। ਇੱਕ ਪਾਸੇ ਬੰਗਾਲੀ ਕਹਾਣੀਕਾਰ ਤਾਰਿਨੀ ਬੰਦਿਓਪਾਧਿਆਏ (ਪਰੇਸ਼ ਰਾਵਲ) ਜੋ ਕਿ ਇੱਕ ਬੁਜ਼ੁਰਗ ਅਤੇ ਕਮਿਊਨਿਸਟ ਸਿਧਾਂਤਾਂ ਵਾਲਾ ਹੈ ਅਤੇ ਦੂਜੇ ਪਾਸੇ ਗੁਜਰਾਤੀ ਅਮੀਰ ਵਪਾਰੀ ਰਤਨ ਗਰੋਡੀਆ (ਅਦਿਲ ਹੁਸੈਨ) ਜੋ ਕਈ ਸਾਲਾਂ ਤੋਂ ਨੀਂਦ ਨਹੀਂ ਆਉਂਦਾ। ਇਨ੍ਹਾਂ ਦੋਹਾਂ ਦੀਆਂ ਵੱਖਰੀਆਂ ਦੁਨੀਆਂ ਇਹ ਦਰਸਾਉਂਦੀਆਂ ਹਨ ਕਿ ਨਫ਼ਾ-ਚਲਿਤ ਪ੍ਰਣਾਲੀਆਂ ਅਕਸਰ ਰਚਨਾਤਮਕ ਕੰਮ ਦਾ ਸ਼ੋਸ਼ਣ ਕਰਦੀਆਂ ਹਨ। ਇਹ ਫਿਲਮ ਸਿਰਫ ਮਨੋਰੰਜਕ ਨਹੀਂ ਹੈ, ਬਲਕਿ ਇਹ ਵੀ ਜਾਂਚਦੀ ਹੈ ਕਿ ਕਹਾਣੀਆਂ ਹਕੀਕਤ ਵਿੱਚ ਕਿਸ ਦੀਆਂ ਹਨ। ਉਨ੍ਹਾਂ ਦਾ ਸਨਮਾਨ ਕਿਸ ਨੂੰ ਮਿਲਦਾ ਹੈ ਅਤੇ ਰਚਿਆਕਾਰ ਇਸ ਸ਼ੋਸ਼ਣ ਦਾ ਖਿਲਾਫ ਕਿਵੇਂ ਲੜਦਾ ਹੈ।

ਫਿਲਮ 'ਦਿ ਸਟੋਰੀਟੈੱਲਰ' ਵਿੱਚ ਅਸੀਂ ਵੇਖਦੇ ਹਾਂ ਕਿ ਹਕੀਕਤੀ ਜੀਵਨ ਵਿੱਚ ਕਲਾ ਦਾ ਕਿਵੇਂ ਗਲਤ ਇਸਤੇਮਾਲ ਹੁੰਦਾ ਹੈ। ਬੰਗਾਲ ਦੀ ਧਨੀ ਸਾਹਿਤਕ ਪਰੰਪਰਾ ਵਿੱਚ ਪਾਲਿਆ-ਵਧਾਇਆ ਗਿਆ, ਕਹਾਣੀਆਂ ਸੁਣਾਉਣ ਦਾ ਡੂੰਘਾ ਜੋਸ਼ ਰੱਖਣ ਵਾਲਾ ਤਾਰਿਨੀ ਅਹਿਮਦਾਬਾਦ ਦੇ ਇੱਕ ਅਮੀਰ ਕਪੜਾ ਵਪਾਰੀ ਰਤਨ ਗਰੋਡੀਆ ਵੱਲੋਂ ਨਿਯੁਕਤ ਕੀਤਾ ਜਾਂਦਾ ਹੈ ਜੋ ਕਈ ਸਾਲਾਂ ਤੋਂ ਨੀਂਦ ਨਹੀਂ ਆਉਂਦਾ। ਸ਼ੁਰੂ ਵਿੱਚ ਇਹ ਬੰਦੋਬਸਤ ਸਾਦਾ ਲੱਗਦਾ ਹੈ ਪਰ ਜਲਦੀ ਹੀ ਰਤਨ ਦਾ ਅਸਲ ਚਿਹਰਾ ਸਾਹਮਣੇ ਆ ਜਾਂਦਾ ਹੈ। ਆਪਣੀ ਦੌਲਤ ਦੇ ਬਾਵਜੂਦ, ਰਤਨ ਸਾਬਕਾ ਪ੍ਰੇਮੀ ਸਰਸਵਤੀ (ਰੇਵਥੀ) ਨੂੰ ਪੈਸਿਆਂ ਨਾਲ ਪ੍ਰਭਾਵਿਤ ਕਰਨ ਵਿੱਚ ਨਾਕਾਮ ਰਹਿ ਜਾਂਦਾ ਹੈ। ਇਸ ਦੀ ਬਜਾਏ ਉਹ ਤਾਰਿਨੀ ਦੀਆਂ ਤਾਜ਼ੀਆਂ ਮੌਖਿਕ ਕਹਾਣੀਆਂ ਦਾ ਸ਼ੋਸ਼ਣ ਕਰਕੇ ਉਹਨਾਂ ਨੂੰ ਆਪਣਾ ਦਿਖਾ ਕੇ ਸਰਸਵਤੀ 'ਤੇ ਆਪਣਾ ਨਿਸ਼ਾਨ ਛੱਡਣ ਦੀ ਕੋਸ਼ਿਸ਼ ਕਰਦਾ ਹੈ। ਇਹ ਵਿਚਾਰਾਂ ਦੀ ਚੋਰੀ ਦਾ ਕਰਤਬ ਬਲਵੰਤ ਢੰਗ ਨਾਲ ਦਰਸਾਉਂਦਾ ਹੈ ਕਿ ਕੈਪੀਟਲਿਸਟ ਪ੍ਰਣਾਲੀਆਂ ਕਿਵੇਂ ਆਮ ਲੋਕਾਂ ਜਿਵੇਂ ਕਿ ਘੋਸਟ ਰਾਈਟਰ, ਕਲਾਕਾਰ ਅਤੇ ਵਰਕਿੰਗ ਕਲਾਸ ਦੇ ਰਚਨਾਤਮਕ ਦੀ ਮਿਹਨਤ ਅਤੇ ਰਚਨਾਤਮਕਤਾ ਦਾ ਸ਼ੋਸ਼ਣ ਕਰਦੀਆਂ ਹਨ। ਤਾਰਿਨੀ ਆਪਣੇ ਕਹਾਣੀਆਂ ਲਿਖਣ ਅਤੇ ਪ੍ਰਕਾਸ਼ਿਤ ਕਰਨ ਤੋਂ ਡਰਦਾ ਹੈ, ਕਿਉਂਕਿ ਉਸਨੂੰ ਆਲੋਚਨਾ, ਨਾਕਾਮੀ ਅਤੇ ਠੀਕ ਤਰ੍ਹਾਂ ਵਿਕਰੀ ਨਾ ਹੋਣ ਦਾ ਡਰ ਹੈ। ਦੂਜੇ ਪਾਸੇ ਇੱਕ ਸੱਚਾ ਵਪਾਰੀ ਅਤੇ ਕੈਪੀਟਲਿਸਟ ਅਵਸਰਵਾਦ ਦਾ ਪ੍ਰਤੀਕ ਰਤਨ ਤਾਰਿਨੀ ਦੀਆਂ ਤੁਰੰਤ ਬਣਦੀਆਂ ਕਹਾਣੀਆਂ ਦਾ ਫਾਇਦਾ ਚੁੱਕਦਾ ਹੈ ਅਤੇ ਉਹਨਾਂ ਨੂੰ ਆਪਣੇ ਨਾਮ 'ਤੇ ਪ੍ਰਕਾਸ਼ਿਤ ਕਰਦਾ ਹੈ। ਇਹ ਕਰਤਬ ਸਿਰਫ ਕਥਾ ਦਾ ਇੱਕ ਮੋੜ ਨਹੀਂ ਹੈ ਸਗੋਂ ਇਹ ਸਾਫ਼-ਸਾਫ਼ ਦਰਸਾਉਂਦਾ ਹੈ ਕਿ ਕੈਪੀਟਲਿਸਟ ਪ੍ਰਣਾਲੀ ਰੋਜ਼ਾਨਾ ਵਰਕਿੰਗ ਕਲਾਸ ਦੀਆਂ ਕਠਿਨ ਮਿਹਨਤਾਂ ਅਤੇ ਰਚਨਾਤਮਕਤਾ ਦਾ ਸ਼ੋਸ਼ਣ ਕਰਦੀ ਹੈ। ਉਹ ਅਮੀਰ ਵਪਾਰੀ ਜੋ ਤਾਰਿਨੀ ਦੀਆਂ ਕਹਾਣੀਆਂ ਚੋਰੀ ਕਰਦਾ ਹੈ। ਉਸਨੂੰ ਕੋਈ ਨੈਤਿਕ ਦੋਸ਼ ਮਹਿਸੂਸ ਨਹੀਂ ਹੁੰਦਾ। ਉਹ ਸ਼ਾਂਤੀ ਨਾਲ ਮੁਸਕਰਾਉਂਦਾ ਹੈ ਅਤੇ ਕਹਾਣੀਕਾਰ ਦੇ ਕੰਮ ਨੂੰ ਆਪਣੇ ਮਨਚਾਹੇ ਲਕੜੇ ਹਾਸਲ ਕਰਨ ਲਈ ਵਰਤਦਾ ਹੈ। ਬਹੁਤ ਕਦੇ ਹੀ ਉਸਨੂੰ ਕੁਝ ਗਲਤ ਮਹਿਸੂਸ ਹੁੰਦਾ ਹੈ। ਇਹ ਸਤਿਆਜੀਤ ਰੇ ਦੀ ਕਹਾਣੀ ਦਾ ਕੇਂਦਰੀ ਸੂਤਰ ਹੈ ਕਿਵੇਂ ਕੈਪੀਟਲਿਸਟ ਪ੍ਰਣਾਲੀ ਆਮ ਲੋਕਾਂ ਦੀ ਕਠਿਨ ਮਿਹਨਤ ਅਤੇ ਰਚਨਾਤਮਕਤਾ ਦਾ ਸ਼ੋਸ਼ਣ ਕਰਦੀ ਹੈ। ਇਸ ਫਿਲਮ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਤਾਕਤਵਰ ਸੰਸਕ੍ਰਿਤੀਆਂ ਛੋਟੀਆਂ, ਸਥਾਨਕ ਸੰਸਕ੍ਰਿਤੀਆਂ 'ਤੇ ਕਿਵੇਂ ਹਾਵੀ ਹੋ ਜਾਂਦੀਆਂ ਹਨ। ਫਿਲਮ ਦੋ ਬਿਲਕੁਲ ਵੱਖਰੀਆਂ ਦੁਨੀਆਂ ਦੀ ਤੁਲਨਾ ਕਰਦੀ ਹੈ ਕੋਲਕਾਤਾ ਦੀ ਬੰਗਾਲੀ ਸੰਸਕ੍ਰਿਤੀ ਅਤੇ ਅਹਿਮਦਾਬਾਦ ਦੀ ਗੁਜਰਾਤੀ ਸੰਸਕ੍ਰਿਤੀ। ਕੋਲਕਾਤਾ ਵਿੱਚ ਜਿੱਥੇ ਤਾਰਿਨੀ ਵੱਸਦਾ ਹੈ, ਸ਼ਹਿਰ ਜੀਵੰਤ ਅਤੇ ਪਰੰਪਰਾ ਨਾਲ ਭਰਪੂਰ ਮਹਿਸੂਸ ਹੁੰਦਾ ਹੈ। ਰੌਲੜਦੇ ਮੱਛੀ ਬਾਜ਼ਾਰ, ਇਤਿਹਾਸਕ ਪੁਰਾਣੀਆਂ ਇਮਾਰਤਾਂ ਅਤੇ ਪੀੜੀਆਂ-ਦੀ-ਪੀੜੀਆਂ ਚੱਲਦੀਆਂ ਕਹਾਣੀਆਂ। ਇੱਥੇ ਕਹਾਣੀ ਸੁਣਾਉਣਾ ਕਿਸੇ ਵਿਚਾਰ ਦੀ ਮਾਲਕੀ ਬਾਰੇ ਨਹੀਂ ਹੁੰਦਾ। ਇਹ ਇੱਕ ਸਮੁਦਾਇਕ ਖਜ਼ਾਨੇ ਵਾਂਗ ਹੁੰਦਾ ਹੈ ਜੋ ਸਾਰੇ ਮਿਲ ਕੇ ਸਾਂਝਾ ਕਰਦੇ ਹਨ। ਉਲਟੇ ਪਾਸੇ, ਅਹਿਮਦਾਬਾਦ ਵਿੱਚ ਰਤਨ ਗਰੋਡੀਆ ਦਾ ਮੈਂਸ਼ਨ ਕੈਪੀਟਲਿਸਟ ਪ੍ਰਣਾਲੀ ਦੇ ਠੰਢੇ ਅਤੇ ਬੇਹਿਸਾਸ ਪੱਖ ਨੂੰ ਦਰਸਾਉਂਦਾ ਹੈ। ਉਸਦੇ ਘਰ ਵਿੱਚ ਮਹਿੰਗਾ ਫਰਨੀਚਰ, ਕੀਮਤੀ ਪੁਸਤਕਾਂ ਜੋ ਕਦੇ ਨਹੀਂ ਪੜ੍ਹੀਆਂ ਜਾਂਦੀਆਂ ਅਤੇ ਪਿਕਾਸੋ ਦੇ ਪ੍ਰਿੰਟ ਵਰਗੀਆਂ ਮਹਿੰਗੀਆਂ ਕਲਾ ਰਚਨਾਵਾਂ ਹੁੰਦੀਆਂ ਹਨ, ਜੋ ਸਿਰਫ ਉਸਦੀ ਦੌਲਤ ਅਤੇ ਦਰਜੇ ਨੂੰ ਪ੍ਰਗਟ ਕਰਨ ਲਈ ਹੁੰਦੀਆਂ ਹਨ। ਐਸਾ ਮਹੌਲ ਕਲਾ ਅਤੇ ਕਹਾਣੀਆਂ ਦੀ ਆਤਮਾ ਨੂੰ ਖੋ ਬੈਠਦਾ ਹੈ ਅਤੇ ਸਿਰਫ ਵਿਕਰੀ ਲਈ ਪੈਕੇਜ ਕੀਤਾ ਜਾਂਦਾ ਹੈ, ਜਿਸ ਨਾਲ ਖੇਤਰੀ ਪਰੰਪਰਾਵਾਂ ਦੀ ਵਿਲੱਖਣਤਾ ਮਿਟ ਜਾਂਦੀ ਹੈ। ਕੈਪੀਟਲਿਸਮ ਵੱਖ-ਵੱਖ ਸੰਸਕ੍ਰਿਤੀਆਂ ਨੂੰ ਇਕਸਾਰ, ਬਾਜ਼ਾਰ-ਮਿੱਤਰ ਰੂਪ ਵਿੱਚ ਬਦਲ ਦਿੰਦਾ ਹੈ ਜਿਸ ਨਾਲ ਉਹਨਾਂ ਦੀ ਵਿਲੱਖਣਤਾ ਅਤੇ ਖੂਬਸੂਰਤੀ ਖੋ ਜਾਂਦੀ ਹੈ। ਕੋਲਕਾਤਾ ਦੀ ਸਮੂਹਕ ਖੁਸ਼ੀ ਅਤੇ ਅਹਿਮਦਾਬਾਦ ਦੇ ਮੈਂਸ਼ਨ ਦੀ ਖਾਲੀਪਣ ਇਸ ਸੰਘਰਸ਼ ਦੀ ਪੇਚਾਨ ਹਨ। ਫਿਲਮ ਦਾ ਸੁਨੇਹਾ ਇਹ ਹੈ ਕਿ ਰਚਨਾਤਮਕ ਸਚਾਈ ਕਿਵੇਂ ਕੈਪੀਟਲਿਸਟ ਦਬਾਅ ਤੋਂ ਬਚਾਉਂਦੀ ਹੈ ਅਤੇ ਉਸਦੇ ਖਿਲਾਫ ਮੁਕਾਬਲਾ ਕਰਨ ਦੀ ਤਾਕਤ ਦਿੰਦੀ ਹੈ। ਆਖ਼ਰ ਵਿੱਚ ਤਾਰਿਨੀ ਅਤੇ ਰਤਨ ਇਕ-ਦੂਜੇ ਦੀਆਂ ਕਹਾਣੀਆਂ ਲਿਖਣ ਲੱਗ ਪੈਂਦੇ ਹਨ। ਤਾਰਿਨੀ ਆਪਣੀਆਂ ਕਹਾਣੀਆਂ ਲਿਖਣ ਦੀ ਸ਼ੁਰੂਆਤ ਕਰਦਾ ਹੈ ਤਾਂ ਜੋ ਆਪਣੀ ਬੁੱਧੀਕ ਜਾਇਦਾਦ ਦੀ ਰੱਖਿਆ ਕਰ ਸਕੇ ਅਤੇ ਆਪਣੀ ਪਛਾਣ ਮੁੜ ਪ੍ਰਾਪਤ ਕਰ ਸਕੇ ਜਦਕਿ ਰਤਨ ਵੀ ਲਿਖਣਾ ਸ਼ੁਰੂ ਕਰ ਦਿੰਦਾ ਹੈ। ਦੋਹਾਂ ਕਿਰਦਾਰਾਂ ਵਿੱਚ ਬਦਲਾਅ ਆ ਜਾਂਦਾ ਹੈ। ਹਾਲਾਂਕਿ ਅੰਤ ਬਹੁਤ ਆਦਰਸ਼ਵਾਦੀ ਮਹਿਸੂਸ ਹੁੰਦਾ ਹੈ। ਜਦ ਰਤਨ ਜੋ ਪੂਰੀ ਤਰ੍ਹਾਂ ਸਬਜ਼ੀਹਾਰੀ ਹੈ ਅਤੇ ਆਪਣੇ ਵਿਰੋਧੀ ਵਿਹਾਰ ਲਈ ਜਾਣਿਆ ਜਾਂਦਾ ਹੈ। ਆਪਣੇ ਨੌਕਰ ਤੋਂ ਪੁੱਛਦਾ ਹੈ ਕਿ ਕੀ ਉਸ ਨੇ ਮੱਛੀ ਨੂੰ ਖਵਾਇਆ ਅਤੇ ਮੱਛੀ ਨੂੰ ਚਾਰਾ ਦਿੱਤਾ ਅਤੇ ਤਾਰਿਨੀ ਨੂੰ "ਮੱਛੀ ਦਾ ਚਾਰਾ" ਕਹਿ ਕੇ ਸੰਬੋਧਦਾ ਹੈ ਤਾਂ ਇਸ ਨਾਲ ਉਸਦੇ ਕਰਮਾਂ ਦੀ ਸੱਚੀ ਕੀਮਤ ਬੇਨਕਾਬ ਹੋ ਜਾਂਦੀ ਹੈ। ਇਸ ਫਿਲਮ ਵਿੱਚ ਇੱਕ ਬਿੱਲੀ ਜੋ ਕੁਦਰਤੀ ਤੌਰ 'ਤੇ ਮੱਛੀ ਦੀ ਤਰਸ ਰੱਖਦੀ ਹੈ, ਨੂੰ ਸਬਜ਼ੀਹਾਰੀ ਖੁਰਾਕ ਖਾਣ ਲਈ ਮਜਬੂਰ ਕੀਤਾ ਜਾਂਦਾ ਹੈ। ਆਖ਼ਰਕਾਰ ਉਹ ਆਪਣੇ ਮਾਲਕ ਦੇ ਟੈਂਕ ਵਿੱਚੋਂ ਮੱਛੀ ਚੋਰੀ ਕਰਕੇ ਬਗਾਵਤ ਕਰ ਜਾਂਦੀ ਹੈ। ਬਿੱਲੀ ਦੀ ਆਪਣੇ ਅੰਦਰਲੀ ਮੱਛੀ ਦੀ ਲਾਲਚ ਅਤੇ ਉਸ 'ਤੇ ਥਾਪੀ ਗਈ ਸਬਜ਼ੀਹਾਰੀ ਖੁਰਾਕ ਵਿਚਕਾਰ ਦੀ ਲੜਾਈ, ਮੁਢਲੇ ਜਜ਼ਬਾਤਾਂ ਅਤੇ ਸਮਾਜਿਕ ਪਾਬੰਦੀਆਂ ਵਿਚਕਾਰ ਦੇ ਤਣਾਅ ਦਾ ਇੱਕ ਰੂਪਕ ਹੈ। ਆਪਣੇ ਜੀਵ ਵਿਗਿਆਨਕ ਲੋੜਾਂ ਨੂੰ ਦਬਾਉਣ ਲਈ ਮਜਬੂਰ ਹੋ ਕੇ ਇਹ ਚੋਰੀ ਕ੍ਰਿਤ੍ਰਿਮ ਨਿਯੰਤਰਣ ਦੇ ਖਿਲਾਫ ਬਗਾਵਤ ਦਾ ਪ੍ਰਤੀਕ ਬਣ ਜਾਂਦੀ ਹੈ, ਜਿਸ ਨਾਲ ਸਵੈ-ਸੰਪ੍ਰਭੂਤਾ ਅਤੇ ਕੁਦਰਤੀ ਜਜ਼ਬਾਤਾਂ ਨੂੰ ਅਣਦੇਖਾ ਕਰਨ ਦੀ ਬੇਕਾਰਤਾ ਨੂੰ ਰੋਸ਼ਨ ਕੀਤਾ ਜਾਂਦਾ ਹੈ। ਸਬਜ਼ੀਹਾਰੀ ਖੁਰਾਕ, ਦਬਾਉਣ ਵਾਲੇ ਨਿਯਮਾਂ ਜਾਂ ਗਲਤ ਆਦਰਸ਼ਾਂ ਦਾ ਪ੍ਰਤੀਕ ਹੈ, ਜਦਕਿ ਚੋਰੀ ਕੀਤੀ ਗਈ ਮੱਛੀ ਖਰੇਪਣ ਅਤੇ ਸਵੈ-ਪੂਰਨਤਾ ਦਾ ਪ੍ਰਤੀਨਿਧਿਤਵ ਕਰਦੀ ਹੈ। ਨੈਤਿਕ ਰੂਪ ਵਿੱਚ, ਇਹ ਕਰਤਬ ਇਸ ਗੱਲ 'ਤੇ ਸਵਾਲ ਉਠਾਉਂਦਾ ਹੈ ਕਿ ਬਚਣ ਅਤੇ ਅਨੁਕੂਲਤਾ ਵਿਚੋਂ ਕਿਹੜਾ ਵੱਧ ਨੈਤਿਕ ਮਹੱਤਵ ਰੱਖਦਾ ਹੈ ਅਤੇ ਉਹ ਪ੍ਰਣਾਲੀਆਂ ਦੀ ਆਲੋਚਨਾ ਕਰਦਾ ਹੈ ਜੋ ਵਿਅਕਤੀਆਂ ਨੂੰ ਕੁਦਰਤੀ ਤੌਰ 'ਤੇ ਗੈਰ-ਸਹਜ ਭੂਮਿਕਾਵਾਂ ਵਿੱਚ ਰੱਖਣ ਲਈ ਮਜਬੂਰ ਕਰਦੀਆਂ ਹਨ। ਚਾਹੇ ਇਸਨੂੰ ਇੱਕ ਜਿੱਤਿਆ ਹੋਇਆ ਬਗਾਵਤ ਵਜੋਂ ਦੇਖਿਆ ਜਾਵੇ ਜਾਂ ਇੱਕ ਚੇਤਾਵਨੀ ਕਹਾਣੀ ਵਜੋਂ ਇਹ ਕਹਾਣੀ ਵਿਆਪਕ ਸੰਘਰਸ਼ਾਂ ਸਮਾਜਿਕ ਉਮੀਦਾਂ ਦਾ ਵਿਰੋਧ ਕਰਨ ਜਾਂ ਆਪਣੀ ਪਛਾਣ ਮੁੜ ਪ੍ਰਾਪਤ ਕਰਨ ਦਾ ਪ੍ਰਤੀਬਿੰਬ ਹੈ, ਜੋ ਕੁਦਰਤ ਅਤੇ ਪਰਵਿਰਾਸ਼, ਆਜ਼ਾਦੀ ਅਤੇ ਨਿਯੰਤਰਣ ਵਿਚਕਾਰ ਦੇ ਸਾਰਵਭੌਮ ਟਕਰਾਅ ਨੂੰ ਉਜਾਗਰ ਕਰਦੀ ਹੈ। ਤਾਰਿਨੀ, ਜੋ ਬਿੱਲੀ ਦੀ ਅਸਲ ਕੁਦਰਤ ਨੂੰ ਸਮਝਦਾ ਹੈ, ਉਸ ਨੂੰ ਮੱਛੀ ਖਵਾਉਂਦਾ ਹੈ। ਜਦ ਤਾਰਿਨੀ ਅਹਿਮਦਾਬਾਦ ਛੱਡ ਕੇ ਕੋਲਕਾਤਾ ਚਲਾ ਜਾਂਦਾ ਹੈ, ਉਹ ਬਿੱਲੀ ਨੂੰ ਵੀ ਆਪਣੇ ਨਾਲ ਲੈ ਜਾਂਦਾ ਹੈ ਅਤੇ ਕੋਲਕਾਤਾ ਵਿੱਚ ਉਸ ਨੂੰ ਲਗਾਤਾਰ ਮੱਛੀ ਖਵਾਉਂਦਾ ਹੈ।

ਫਿਲਮ ਦੀਆਂ ਮੁੱਖ ਮਹਿਲਾ ਕਿਰਦਾਰਾਂ ਨੂੰ ਸਵੈ-ਨਿਰਭਰ ਅਤੇ ਮਜ਼ਬੂਤ ਦਰਸਾਇਆ ਗਿਆ ਹੈ। ਵਿਧਵਾ ਸਰਸਵਤੀ (ਰੇਵਥੀ) ਬਹੁਤ ਸਿਆਣੀ ਹੈ ਅਤੇ ਉਹ ਆਪਣੇ ਸਿਧਾਂਤਾਂ ਦੀ ਕਦਰ ਕਰਦੀ ਹੈ। ਉਹ ਰਤਨ ਨੂੰ ਕਹਿੰਦੀ ਹੈ, "ਮੈਂ ਇੱਕ ਵਪਾਰੀ ਦੇ ਸਿਧਾਂਤਾਂ ਨਾਲ ਨਿਭਾ ਸਕਦੀ ਸੀ, ਪਰ ਇੱਕ ਚੋਰ ਨਾਲ ਨਹੀਂ" ਅਤੇ ਉਸ ਨੂੰ ਆਪਣੀਆਂ ਸਾਰੀਆਂ ਸ਼ੁਭਕਾਮਨਾਵਾਂ ਦੇ ਕੇ ਛੱਡ ਦਿੰਦੀ ਹੈ। ਇਸਦੇ ਮੁਕਾਬਲੇ ਵਿੱਚ, ਰਤਨ ਬੇਸਹਾਰਾ ਅਤੇ ਕਮਜ਼ੋਰ ਦਿੱਖਦਾ ਹੈ। ਸਰਸਵਤੀ ਪਦਾਰਥਕ ਦੌਲਤ ਦੀ ਬਜਾਏ ਗਿਆਨ ਅਤੇ ਬੁੱਧੀ ਦੀ ਕਦਰ ਕਰਦੀ ਹੈ, ਜੋ ਦਰਸਾਉਂਦਾ ਹੈ ਕਿ ਅਸਲ ਤਾਕਤ ਅੰਦਰੋਂ ਹੀ ਆਉਂਦੀ ਹੈ। ਲਾਇਬ੍ਰੇਰੀਅਨ ਸੁਜ਼ੀ (ਤਨਿਸ਼ਥਾ ਚਾਟਰਜੀ) ਨੂੰ ਵੀ ਵਿਸ਼ਵਾਸ ਪੂਰਕ ਅਤੇ ਆਪਣੀ ਵਿਲੱਖਣ ਰਾਏ ਪੇਸ਼ ਕਰਦਿਆਂ ਦਰਸਾਇਆ ਗਿਆ ਹੈ। ਤਾਰਿਨੀ ਦੀ ਮਰੀ ਹੋਈ ਪਤਨੀ ਦੀ ਯਾਦ (ਜਿਸਨੇ ਉਸ ਨੂੰ ਲਿਖਣ ਲਈ ਇੱਕ ਪੈਨ ਤੋਹਫ਼ੇ ਵਜੋਂ ਦਿੱਤਾ ਸੀ) ਲੰਮੇ ਸਮੇਂ ਤੱਕ ਪ੍ਰੇਰਣਾ ਦਾ ਸਰੋਤ ਬਣ ਜਾਂਦੀ ਹੈ ਅਤੇ ਇਹ ਦਰਸਾਉਂਦੀ ਹੈ ਕਿ ਕਲਾ 'ਤੇ ਮਹਿਲਾਵਾਂ ਦਾ ਕਿੰਨਾ ਪ੍ਰਭਾਵਸ਼ਾਲੀ ਅਸਰ ਹੁੰਦਾ ਹੈ। ਇਹ ਮਹਿਲਾ ਪੁਰਾਣੀ ਸਾਹਿਤ ਦੀ ਦਇਆ ਭਰੀਆਂ ਚਿੱਤਰਾਂ ਨਹੀਂ ਹਨ, ਬਲਕਿ ਸਤਿਆਜੀਤ ਰੇ ਦੀ ਤਰੱਕੀਸ਼ੀਲ ਦ੍ਰਿਸ਼ਟੀ ਨਾਲ ਬਣੇ ਮਜ਼ਬੂਤ ਕਿਰਦਾਰ ਹਨ ਜੋ ਇਸ ਕਹਾਣੀ ਨੂੰ ਇੱਕ ਧਨਵੰਤ ਅਤੇ ਸਕਾਰਾਤਮਕ ਪਰਿਭਾਸ਼ਾ ਦੇਂਦੇ ਹਨ। ਆਧੁਨਿਕ ਫਿਲਮਾਂ ਦੀ ਤੇਜ਼ ਰਫ਼ਤਾਰ ਤੋਂ ਇਲਾਵਾ ਦਿ ਸਟੋਰੀਟੈੱਲਰ ਦਰਸ਼ਕਾਂ ਨੂੰ ਹੌਲੀ-ਹੌਲੀ ਜੀਵਨ ਦੇ ਵਿਸਥਾਰਾਂ ਦਾ ਆਨੰਦ ਮਾਨਣ ਲਈ ਬੁਲਾਉਂਦੀ ਹੈ। ਮਹਾਦੇਵਨ ਇੱਕ ਆਹਿਸਤਾ ਅਤੇ ਵਿਚਾਰ ਸ਼ੀਲ ਰਫ਼ਤਾਰ ਵਰਤਦੇ ਹਨ ਜਦਕਿ ਐਲਫਾਂਸ ਰੋਇ ਦੀ ਸੁੰਦਰ ਸਿਨੇਮਾਟੋਗ੍ਰਾਫੀ ਕੋਲਕਾਤਾ ਵਿੱਚ ਹੱਥ ਨਾਲ ਖਿੱਚੀਆਂ ਰਿਕਸ਼ਾ ਅਤੇ ਅਹਿਮਦਾਬਾਦ ਦੀਆਂ ਭਵਿਆ ਮਾਰਬਲ ਇਮਾਰਤਾਂ ਵਰਗੇ ਨੋਸਟੈਲਜਿਕ ਦ੍ਰਿਸ਼ਾਂ ਨੂੰ ਕੈਦ ਕਰਦੀ ਹੈ। ਇਹ ਸ਼ਾਂਤ, ਲਗਭਗ ਧਿਆਨਮਗਨ ਅੰਦਾਜ਼, ਅੱਜ ਦੇ ਤੇਜ਼ ਕੱਟਾਂ ਅਤੇ ਚਮਕਦਾਰ ਐਡੀਟਿੰਗ ਤੋਂ ਬਿਲਕੁਲ ਵੱਖਰਾ ਹੈ ਅਤੇ ਦਰਸ਼ਕਾਂ ਨੂੰ ਇਹ ਸਿਖਾਉਂਦਾ ਹੈ ਕਿ ਅਸਲ ਕਲਾ ਨੂੰ ਬਣਨ ਲਈ ਸਮਾਂ ਲੱਗਦਾ ਹੈ ਇਹ ਇੱਕ ਐਸਾ ਪ੍ਰਕਿਰਿਆ ਹੈ ਜਿਸਨੂੰ ਜਲਦੀ ਨਹੀਂ ਕੀਤਾ ਜਾ ਸਕਦਾ ਸਗੋਂ ਇਸ ਲਈ ਧੀਰਜ, ਬਲੀਦਾਨ ਅਤੇ ਹਿੰਮਤ ਦੀ ਲੋੜ ਹੁੰਦੀ ਹੈ। ਜੀਵਨ ਅਤੇ ਇੱਕ ਕਹਾਣੀ ਦੇ ਅਸਲ ਸਾਰ ਨੂੰ ਸਮਝਣ ਲਈ, ਠਹਿਰ ਕੇ ਸੋਚਣਾ ਅਤੇ ਵਿਚਾਰ ਕਰਨਾ ਹੀ ਅਸਲ ਕਲਾ ਦੀ ਤਾਕਤ ਹੈ। ਫਿਲਮ ਦਾ ਪ੍ਰਭਾਵ ਇਸ ਦੇ ਮੁੱਖ ਅਦਾਕਾਰਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਨਾਲ ਹੋਰ ਵੀ ਵੱਧ ਜਾਂਦਾ ਹੈ। ਪਰੇਸ਼ ਰਾਵਲ ਨੇ ਤਾਰਿਨੀ ਦੇ ਕਿਰਦਾਰ ਨੂੰ ਬਹੁਤ ਹੀ ਉੱਤਮ ਢੰਗ ਨਾਲ ਨਿਭਾਇਆ ਹੈ। ਜਦ ਤਾਰਿਨੀ ਨੂੰ ਰਤਨ ਦੀ ਧੋਖਾਧੜੀ ਦਾ ਅਹਿਸਾਸ ਹੁੰਦਾ ਹੈ। ਉਹ ਸੋਚ-ਵਿਚਾਰ ਕਰਕੇ ਅਤੇ ਸ਼ਾਂਤੀ ਨਾਲ ਉਸਦਾ ਸਾਹਮਣਾ ਕਰਦਾ ਹੈ ਅਤੇ ਤਿੰਨ ਤੋਂ ਚਾਰ ਮਹੀਨੇ ਤੱਕ ਉਸਦੇ ਘਰ ਵਿੱਚ ਰਹਿ ਕੇ ਆਪਣਾ ਮੱਤ ਰੱਖਦਾ ਹੈ। ਉਹ ਆਪਣੇ ਆਪ ਨੂੰ ਵਸਤੂ ਵਜੋਂ ਪੇਸ਼ ਕੀਤੇ ਜਾਣ ਤੋਂ ਇਨਕਾਰ ਕਰਦਾ ਹੈ ਅਤੇ ਇੱਕ ਆਮ ਆਦਮੀ ਹੋਣ ਦੇ

ਬਾਵਜੂਦ, ਦੋਸਤ, ਪਰਿਵਾਰਕ ਮੈਂਬਰ ਅਤੇ ਸਹਾਇਕ ਵਜੋਂ ਆਪਣੀ ਪਛਾਣ ਸਾਬਤ ਕਰਦਾ ਹੈ। ਦੂਜੇ ਪਾਸੇ ਰਤਨ ਇੱਕ ਇਕੱਲਾ ਅਤੇ ਅਮੀਰ ਵਿਅਕਤੀ ਵਜੋਂ ਦਰਸਾਇਆ ਜਾਂਦਾ ਹੈ।

ਅਦਿਲ ਹੁਸੈਨ ਨੇ ਰਤਨ ਗਰੋਡੀਆ ਦੇ ਕਿਰਦਾਰ ਨੂੰ ਬੜੀ ਸੰਯਮ ਅਤੇ ਨਿਯੰਤਰਣ ਨਾਲ ਨਿਭਾਇਆ ਹੈ ਜਿਸ ਨਾਲ ਇਹ ਦਰਸਾਉਂਦਾ ਹੈ ਕਿ ਕੈਪੀਟਲਿਸਟ ਪ੍ਰਣਾਲੀ ਵਿੱਚ ਉਸਦੀ ਆਪਣੀ ਅਸੁਰੱਖਿਆ ਵੀ ਵੱਧ ਜਾਂਦੀ ਹੈ।

'ਦਿ ਸਟੋਰੀਟੈੱਲਰ' ਸਤਿਆਜੀਤ ਰੇ ਦੀ ਕਲਾਸਿਕ ਕਹਾਣੀ ਦਾ ਸਿਰਫ ਦੁਬਾਰਾ ਕਹਿਣਾ ਨਹੀਂ ਹੈ, ਬਲਕਿ ਇਹ ਸਾਨੂੰ ਲਾਭ-ਚਲਿਤ ਸਮਾਜ ਵਿੱਚ ਕਲਾ ਦੀ ਭੂਮਿਕਾ ਅਤੇ ਉਸਦੀ ਕੀਮਤ ਬਾਰੇ ਮੁੜ ਸੋਚਣ ਲਈ ਮਜਬੂਰ ਕਰਦੀ ਹੈ। ਫਿਲਮ ਇਹ ਦਰਸਾਉਂਦੀ ਹੈ ਕਿ ਕੈਪੀਟਲਿਸਟ ਪ੍ਰਣਾਲੀ ਕਿਵੇਂ ਰਚਨਾਤਮਕ ਕੰਮ ਦਾ ਸ਼ੋਸ਼ਣ ਕਰਦੀ ਹੈ ਅਤੇ ਉਸਦੀ ਕੀਮਤ ਨੂੰ ਘਟਾ ਦਿੰਦੀ ਹੈ। ਜਦ ਤਾਰਿਨੀ ਆਖ਼ਿਰਕਾਰ ਆਪਣੀ ਪਛਾਣ ਸਥਾਪਤ ਕਰਨ ਲਈ ਆਪਣੀਆਂ ਕਹਾਣੀਆਂ ਲਿਖਣ ਲੱਗਦਾ ਹੈ। ਉਹ ਆਪਣੀ ਰਚਨਾਤਮਕਤਾ 'ਤੇ ਨਿਯੰਤਰਣ ਮੁੜ ਪ੍ਰਾਪਤ ਕਰਨ ਲਈ ਕਦਮ ਚੁੱਕਦਾ ਹੈ। ਇਹ ਫਿਲਮ ਪੂਰੀ ਤਰ੍ਹਾਂ ਇਸ ਸੰਗਰਸ਼ ਬਾਰੇ ਹੈ। ਜਦ ਤਾਰਿਨੀ ਹਾਸੇ-ਹਾਸੇ ਕਹਿੰਦਾ ਹੈ, "ਨਕਲ ਕਰਨ ਲਈ ਵੀ ਦਿਮਾਗ਼ ਚਾਹੀਦਾ ਹੈ" ਉਹ ਉਸ ਦੁਨੀਆਂ ਦਾ ਮਜ਼ਾਕ ਉਡਾਉਂਦਾ ਹੈ। ਜਿੱਥੇ ਵਿਚਾਰਾਂ ਦੀ ਚੋਰੀ ਕਰਨਾ ਬਣਾਉਣ ਤੋਂ ਵੱਧ ਆਸਾਨ ਹੈ। ਦਿ ਸਟੋਰੀਟੈੱਲਰ ਉਹ ਕਹਾਣੀ ਹੈ ਜੋ ਬਾਜ਼ਾਰ ਤੋਂ ਰਚਨਾਤਮਕਤਾ ਨੂੰ ਮੁੜ ਪ੍ਰਾਪਤ ਕਰਨ ਅਤੇ ਉਹਨਾਂ ਲੋਕਾਂ ਨੂੰ ਨਿਆਂ ਦੇਣ ਬਾਰੇ ਹੈ ਜੋ ਤੇਜ਼ੀ ਨਾਲ ਮਿਹਨਤ ਕਰਕੇ ਕਲਾ ਰਚਦੇ ਹਨ।







# ਮਨੁੱਖੀ ਜ਼ਿੰਦਗੀ ਦਾ ਖ਼ੂਬਸੂਰਤ ਅਨੁਭਵ ਹੁੰਦੇ ਹਨ ਸੁਪਨੇ



ਦੋਸਤੋਂ ਸੁਪਨੇ ਸਾਰਿਆਂ ਨੂੰ ਆਉਂਦੇ ਹਨ। ਅਮੀਰ-ਗਰੀਬ ਅੱਖਾਂ ਵਿੱਚ ਸੁਪਨੇ ਬੁਣਦੇ ਹਨ। ਕਈ ਲੋਕ ਸੁਪਨੇ ਦਿਨ ਵੇਲੇ ਖੁੱਲ੍ਹੀਆਂ ਅੱਖਾਂ ਨਾਲ ਦੇਖਦੇ ਹਨ। ਦੋਸਤੋ ਸੁਪਨੇ ਬੜੇ ਅਜੀਬ ਜਿਹੇ ਹੁੰਦੇ ਹਨ ਕਈ ਵਾਰ ਬਹੁਤ ਖੁਸ਼ੀ ਦਿੰਦੇ ਹਨ ਕਈ ਵਾਰ ਬਹੁਤ ਡਰ ਪੈਦਾ ਕਰਦੇ ਹਨ। ਸੁਪਨੇ ਉਹ ਬਿਰਤਾਂਤ ਹਨ ਜੋ ਅਸੀਂ ਗੂੜੀ ਨੀਂਦ ਵਿੱਚ ਦੇਖਦੇ ਹਾਂ, ਅਨੁਭਵ ਕਰਦੇ ਹਾਂ ਅਤੇ ਮਹਿਸੂਸ ਕਰਦੇ ਹਾਂ। ਸੁਪਨੇ ਕਲਪਨਾ ਵਰਗੇ ਹੁੰਦੇ ਹਨ। ਸੁਪਨੇ ਮਨੁੱਖੀ ਜ਼ਿੰਦਗੀ ਦਾ ਖ਼ੂਬਸੂਰਤ ਅਨੁਭਵ ਹੁੰਦੇ ਹਨ। ਜੇਕਰ ਇਹਨਾਂ ਅਨੁਭਵਾਂ ਨੂੰ ਬੂਰ ਨਹੀਂ ਪੈਂਦਾ ਤਾਂ ਸਾਡੇ ਸੁਪਨੇ ਮਰ ਜਾਂਦੇ ਹਨ। ਕਈ ਵਾਰ ਹਾਲਾਤ ਸਾਨੂੰ ਇਹਨਾਂ ਤੋੜ ਦਿੰਦੇ ਹਨ ਕਿ ਸਾਡੇ ਦੇਖੇ ਹੋਏ ਸੁਪਨੇ ਟੁੱਟ ਕੇ ਚਕਨਾਚੂਰ ਹੋ ਜਾਂਦੇ ਹਨ। ਕਈ ਵਾਰ ਸੁਪਨੇ ਏਨੇ ਅਨੰਦ ਦਾਇਕ ਹੁੰਦੇ ਹਨ ਕਿ ਰੋਜ਼ ਹੀ ਦਿਲ ਕਰਦਾ ਹੈ ਕਿ ਜਲਦੀ ਸੌਂ ਜਾਈਏ ਤੇ ਫਿਰ ਸੁਪਨੇ ਲਈਏ। ਪਰ ਸਵੇਰ ਹੋਣ ਤੇ ਫਿਰ ਟੁੱਟ ਜਾਂਦੇ ਹਨ। ਸੁਪਨੇ ਸਿਰਜਣਾਤਮਕ, ਅਜੀਬ, ਸੰਭਾਵਨਾਵਾਂ ਨਾਲ ਭਰੇ ਸਾਡੀ ਪਦਾਰਥਕ ਸੰਸਾਰ ਦੀਆਂ ਸਰੀਰਕ ਸੀਮਾਵਾਂ ਤੋਂ ਪਰੇ ਜਾਂਦੇ ਹਨ। ਸੁਪਨੇ ਇੱਕ ਪ੍ਰਤੀਬਿੰਬ, ਕਈ ਵਾਰ ਬੇ-ਤਰਤੀਬੇ ਵੀ ਹੁੰਦੇ ਹਨ। ਕਈ ਵਾਰ ਇਨਸਾਨ ਸੁਪਨੇ ਨੀਂਦ ਵਿੱਚ ਦੇਖਦਾ ਹੈ ਤੇ ਉਹਨਾਂ ਨੂੰ ਪੂਰਾ ਕਰਨ ਦੀ ਹੋੜ ਵਿੱਚ ਲੱਗਾ ਰਹਿੰਦਾ ਹੈ ਜੋ ਕਿ ਉਹ ਕਦੇ ਵੀ ਪੂਰੇ ਨਹੀਂ ਹੁੰਦੇ।

ਅਸਲ ਵਿੱਚ ਜੋ ਇਨਸਾਨ ਸੁਪਨੇ ਹੋਸ਼ ਹਵਾਸ ਜਾਂ ਖੁੱਲੀਆਂ ਅੱਖਾਂ ਨਾਲ ਦੇਖਦੇ ਹਨ ਜ਼ਿਆਦਾਤਰ ਓਹੀ ਹੀ ਸੁਪਨਿਆਂ ਨੂੰ ਪੂਰਾ ਕਰਨ ਵਿੱਚ ਕਾਮਯਾਬ ਹੁੰਦੇ ਹਨ। ਅਕਸਰ ਇਹੋ ਸੁਣਿਆ ਗਿਆ ਹੈ ਲੋਕਾਂ ਤੋਂ ਕਿ ਸਾਡੇ ਸੁਪਨੇ ਮਰ ਗਏ ਹਨ ਉਹ ਗੂੜੀ ਨੀਂਦ ਵਿੱਚ ਆਏ ਖਿਆਲਾਂ ਨੂੰ ਹੀ ਆਪਣੀ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਬਣਾ ਲੈਂਦੇ ਹਨ ਤੇ ਜਦੋਂ ਜਾਗ ਆਉਂਦੀ ਹੈ ਫਿਰ ਅਸਲੀਅਤ ਜਾਣ ਕੇ ਉਦਾਸ ਹੋ ਜਾਂਦੇ ਹਨ ਪਰ ਉਹ ਦੇਖੇ ਸੁਪਨੇ ਬੜੇ ਹੀ ਰੋਮਾਂਚਿਤ ਹੁੰਦੇ ਹਨ। ਜੋ ਅਲੱਗ ਜਿਹੀ ਖ਼ੁਸ਼ੀ ਦਿੰਦੇ ਹਨ। ਕਈ ਵਾਰ ਸਾਡੇ ਸੁਪਨੇ ਸਾਕਾਰ ਨਹੀਂ ਹੁੰਦੇ ਅਤੇ ਟੀਚੇ ਦੀ ਪ੍ਰਾਪਤ ਨਹੀਂ ਹੁੰਦੀ ਤਾਂ ਅਸੀਂ ਉਦਾਸ ਹੋ ਜਾਂਦੇ ਹਨ। ਹਾਰ ਮੰਨ ਲੈਂਦੇ ਹਾਂ ਕਹਿੰਦੇ ਹਾਂ ਕਿ ਮੇਰੇ ਸੁਪਨੇ ਚਾਅ ਮਰ ਗਏ ਹਨ ਆਪਣੀ ਇੱਛਾ ਨਾ ਪੂਰੀ ਹੋਣ ਤੇ ਜਾਂ ਕਿਸੇ ਚੀਜ ਦੇ ਨਾ ਮਿਲਣ ਤੇ ਅਕਸਰ ਅਸੀਂ ਕਿਸੇ ਨੂੰ ਜਾਂ ਕਿਸੇ ਚੀਜ਼ ਨੂੰ ਦੋਸ਼ੀ ਠਹਿਰਾਉਂਦੇ ਹਾਂ।

ਮਨੋ ਵਿਗਿਆਨੀਆਂ ਨੇ ਕਿਹਾ ਹੈ ਕਿ ਸੁਪਨੇ ਮਨ ਅੰਦਰ ਦੱਬੀਆਂ ਖੁਆਹਿਸਾਂ ਦੀ ਪੂਰਤੀ ਹੁੰਦੇ ਹਨ। ਮਨੋਚਿਕਿਤਸਕ ਸਿਗਮੰਡ ਫਰਾਇਡ ਅਤੇ ਜੁੰਗ ਦਾ ਵਿਚਾਰ ਸੀ ਕਿ ਸੁਪਨਿਆਂ ਦੁਆਰਾ ਅਸੀਂ ਗੁਪਤ ਖਾਹਿਸ਼ਾਂ ਨੂੰ ਸੁਖਦਾਇਕ ਪ੍ਰਤੀਕਾਂ ਦਾ ਬਦਲ ਦੇ ਦਿੰਦੇ ਹਾਂ। ਇਸ ਤਰ੍ਹਾਂ ਅਸੀਂ ਆਪਣੇ ਮਨ ਨੂੰ ਸਤਾ ਰਹੀਆਂ ਬਿਰਤੀਆਂ ਨੂੰ ਛੁਪਾ ਲੈਂਦੇ ਹਾਂ। ਉਸ ਨੇ ਸੁਪਨਿਆਂ ਨੂੰ ਦੱਬੀਆਂ ਖਾਹਿਸ਼ਾਂ ਦੀ ਪੂਰਤੀ ਦੱਸਿਆ ਹੈ। ਸੁਪਨੇ ਲੈਂਦੇ ਸਮੇਂ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਸਭ ਹੂਬਹੂ ਵਾਪਰ ਰਿਹਾ ਹੋਵੇ ਅਸੀਂ ਅਸਲੀ ਜ਼ਿੰਦਗੀ ਜੀ ਰਹੇ ਹੋਈਏ ਪਰ ਜਦੋਂ ਜਾਗ ਆਉਂਦੀ ਹੈ ਤਾਂ ਇਹ ਕਲਪਨਾ ਜਿਹੀ ਪ੍ਰਤੀਤ ਹੁੰਦੀ ਹੈ ਤੇ ਜਦੋਂ ਅਸੀਂ ਨੀਂਦ 'ਚੋਂ ਬਾਹਰ ਹੋ ਕੇ ਦੇਖਦੇ ਹਾਂ ਤਾਂ ਸਭ ਕੁੱਝ ਇਸਦੇ ਉਲਟ ਹੁੰਦਾ ਹੈ। ਸੋ ਦੋਸਤੋਂ ਸੁਪਨੇ ਕਦੇ ਵੀ ਪੂਰੇ ਨਹੀਂ ਹੁੰਦੇ ਜੋ ਅਸੀਂ ਕਲਪਨਾ ਵਿੱਚ ਦੇਖਦੇ ਹਾਂ ਸੋਚਦੇ ਹਾਂ। ਕਦੇ ਵੀ ਨਰਾਜ਼ ਨਾ ਹੋਵੋ ਸੁਪਨੇ ਹਮੇਸ਼ਾ ਜਾਗਦੇ ਹੋਏ ਦੇਖੋ ਤਾਂ ਜੋ ਉਹਨਾਂ ਨੂੰ ਪੂਰਾ ਕੀਤਾ ਜਾ ਸਕੇ।

-ਗਗਨਦੀਪ ਕੌਰ ਧਾਲੀਵਾਲ (ਝਲੂਰ) ਬਰਨਾਲਾ

# ਜ਼ਰੂਰੀ ਹੈ ਮਾਪਿਆਂ ਦਾ ਬੱਚਿਆਂ ਨਾਲ ਵਕਤ ਬਿਤਾਉਣਾ



ਮਨੁੱਖ ਨੂੰ ਵੱਧਣ ਫੁੱਲਣ, ਖ਼ੁਸ਼ਹਾਲ ਰਹਿਣ ਲਈ ਜਿੰਨੀ ਸਾਹ, ਖਾਣੇ ਪਾਣੀ, ਦੀ ਜ਼ਰੂਰਤ ਹੈ ਓਨੀਂ ਹੀ ਮਾਨਸਿਕ ਸਿਹਤ ਲਈ ਅਪਣੱਤ, ਪਿਆਰ, ਮੋਹ ਦੀਆਂ ਤੰਦਾਂ ਦੀ ਵੀ ਲੋੜ ਰਹਿੰਦੀ ਹੈ। ਭਾਵਨਾਵਾਂ ਦੇ ਵਹਾਅ ਨੂੰ ਚੱਲਦਾ ਰੱਖਣ ਲਈ ਆਪਣਿਆਂ ਲਈ ਥੋੜ੍ਹਾ ਜਿਹਾ ਪਿਆਰ, ਸਤਿਕਾਰ, ਪਰਵਾਹ, ਫਿਕਰ ਵੀ ਜ਼ਰੂਰੀ ਹੈ। ਇਹ ਸਾਰੀਆਂ ਭਾਵਨਾਵਾਂ ਹੱਸਿ ਠੱਠੇ, ਰੁੱਸਣਾ ਮਨਾਉਣਾ ਮਨੱਖੀ ਜੀਵਨ ਵਿੱਚ ਤਾਜ਼ਗੀ ਬਣਾਈ ਰੱਖਣ ਲਈ ਬਹੁਤ ਜ਼ਰੂਰੀ ਹਨ। ਪਿਆਰ, ਸਨੇਹ ਦੀ ਗੱਲਾਂ ਜਿੱਥੇ ਸਹਿਮੇ ਹੋਏ ਦਿਲਾਂ ਨੂੰ ਧਰਵਾਸ ਦੇ ਫਿਰ ਤੋਂ ਧੜਕਣਾਂ ਲਾ ਦਿੰਦੀਆਂ ਉੱਥੇ ਜ਼ਿੰਦਗੀ ਤੋਂ ਮੂੰਹ ਫੇਰੀ ਬੈਠਿਆ ਨੂੰ ਦੁਬਾਰਾ ਜੀਣ ਲਈ ਉਕਸਾਉਂਦੀਆਂ ਹਨ।

ਅਸੀਂ ਤਰੱਕੀ ਦੇ ਰਾਹ ਤੇ ਤੁਰ ਰਹੇ ਹਾਂ, ਇਸਦੇ ਚੱਲਦਿਆਂ ਸਾਡਾ ਜੀਵਨ ਜਿਉਣ ਦੇ ਢੰਗ ਬਦਲ ਰਹੇ ਹਨ, ਸਾਡੀਆਂ ਕਦਰਾਂ ਕੀਮਤਾਂ ਬਦਲ ਰਹੀਆਂ ਹਨ ਅਤੇ ਸਾਡੀਆਂ ਤਰਜੀਹਾਂ ਬਦਲ ਰਹੀਆਂ ਹਨ। ਤਿਉਹਾਰਾਂ ਨੂੰ ਮਨਾਉਣ ਦੇ ਤਰੀਕੇ ਬਦਲ ਰਹੇ ਹਨ, ਬੱਚਿਆਂ ਦੀਆਂ ਖੇਡਾਂ ਬਦਲ ਰਹੀਆਂ ਹਨ, ਸਭ ਤੋਂ ਵੱਡੀ ਗੱਲ ਇਨਸਾਨੀ ਸੁਭਾਅ ਬਦਲ ਰਹੇ ਹਨ। ਅੱਜ ਮਨੁੱਖ ਆਪਣੀ ਤਰੱਕੀ, ਪੈਸੇ ਨੂੰ ਤਰਜੀਹ ਦੇ ਰਿਹਾ ਹੈ, ਇਸ ਦੌੜ ਵਿੱਚ ਉਹ ਪਿੱਛੇ ਕੀ ਕੁਝ ਛੱਡੀ ਜਾ ਰਿਹਾ ਹੈ, ਉਸਦਾ ਅਹਿਸਾਸ ਉਸਨੂੰ ਸਮਾਂ ਲੰਘੇ ਤੋਂ ਹੋ ਰਿਹਾ ਹੈ ਤੇ ਕੁਝ ਨੂੰ ਹੋਵੇਗਾ।

ਯੂਨੀਸੈੱਫ (UNICEF) ਦੇ ਇੱਕ ਸਰਵੇਖਣ ਦੇ ਅਨੁਸਾਰ ਆਉਣ ਵਾਲਾ ਸਮਾਂ ਬੱਚਿਆਂ ਦੀ ਮਾਨਸਿਕ ਸਿਹਤ ਲਈ ਬਹੁਤ ਚਨੌਤੀਆਂ ਭਰਭੂਰ ਹੋਵੇਗਾ, ਇਸ ਸਰਵੇਖਣ ਦੀ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਨਬਾਲਗ ਅਤੇ ਬਾਲਗ ਬੱਚੇ ਇਕੱਲਤਾ ਦੇ ਸ਼ਿਕਾਰ ਹੋ ਮਾਨਸਿਕ ਬਿਮਾਰੀਆਂ ਨਾਲ ਜੂਝਣਗੇ ਜਿਸ ਦਾ ਸਭ ਦਾ ਸਭ ਤੋਂ ਵੱਡਾ ਕਾਰਣ ਪਰਿਵਾਰ ਵਿੱਚ ਸੰਚਾਰ ਪਾੜਾ (Commuincaiton Gap) ਹੋਵੇਗਾ। ਜੋ ਇਸ ਸਰਵੇਖਣ ਵਿੱਚ ਸੰਕੇਤ ਦਿੱਤੇ ਗਏ ਹਨ, ਉਸਦੇ ਚਿੰਨ ਸਾਨੂੰ ਨਜ਼ਰ ਆ ਰਹੇ ਹਨ। ਅੱਜ ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਦੀ ਬੇਰੁਖੀ, ਅਨੁਸ਼ਾਸਣਹੀਣਤਾ, ਖਾਣਾ ਨਾ ਖਾਣ, ਮੋਬਾਇਲ ਜ਼ਿਆਦਾ ਵਰਤਣ, ਆਦਿ ਆਦਤਾਂ ਤੋਂ ਪਰੇਸ਼ਾਨ ਨਜ਼ਰ ਆਉਂਦੇ ਹਨ। ਬਹੁਤ ਸਾਰੇ ਬੱਚੇ ਮਾਨਸਿਕ ਬਿਮਾਰੀਆਂ ਨਾਲ ਜੂਝ ਰਹੇ ਹਨ, ਕਈ ਵਾਰ ਇਹ ਬਿਮਾਰੀਆਂ ਆਪਣੀ ਆਖਰੀ ਹੱਦ ਤੱਕ ਪਹੁੰਚ ਜਾਂਦੀਆਂ ਹਨ ਅਤੇ ਆਤਮਹੱਤਿਆ ਦੇ ਰੂਪ ਵਿੱਚ ਜਵਾਨ ਬੱਚੇ ਬੱਚੀਆਂ ਦੇ ਜੀਵਨ ਨੂੰ ਖਾ ਜਾਂਦੀਆਂ ਹਨ।

ਇਹਨਾਂ ਸਭ ਹਲਾਤਾਂ ਦਾ ਮੁੱਖ ਕਾਰਨ ਬੱਚਿਆਂ ਨੂੰ ਅਪਣੱਤ ਦੀ ਪਈ ਘਾਟ ਹੈ। ਭਾਵੇਂ ਮਾਪੇ ਆਪਣੇ ਅਤੇ ਆਪਣੇ ਬੱਚੇ ਦੇ ਸੁਖਦ ਤੇ ਐਸ਼ੋ ਆਰਾਮ ਲਈ ਦਿਨ ਰਾਤ ਮਿਹਨਤ ਕਰਦੇ ਹੋਣ, ਪਰ ਇਸ ਸਭ ਦੇ ਚੱਲਦਿਆਂ ਬੱਚਿਆਂ ਦੀਆਂ ਭਾਵਨਾਤਮਕ ਲੋੜਾਂ ਨੂੰ ਅੱਖੋਂ ਪਰੋਖਿਆਂ ਕਰ ਦਿੰਦੇ ਹਨ। ਮਾਪੇ ਸਵੇਰ ਤੋਂ ਦਫਤਰਾਂ ਵਿੱਚ ਬੱਚੇ ਸਕੂਲ ਵਿੱਚ, ਸ਼ਾਮ ਨੂੰ ਖਾਣਾ ਖਾ ਸਾਰੇ ਆਪੋ ਆਪਣਿਆਂ ਕਮਰਿਆਂ ਵਿੱਚ! ਅੱਜ ਬਹੁਤਾਤ ਜ਼ਿੰਦਗੀਆਂ ਇਸੇ ਰੁਟੀਨ ਦੇ ਅਨੁਸਾਰ ਚੱਲ ਰਹੀਆਂ ਹਨ।

ਪਰਿਵਾਰਾਂ ਦਾ ਆਪਸ ਵਿੱਚ ਬੈਠ ਗੱਲਾਂ ਕਰਨੀਆਂ, ਹਾਸੇ ਠੱਠੇ, ਰਿਸ਼ਤੇਦਾਰਾਂ ਦਾ ਇਕੱਠੇ ਹੋਣਾ, ਇੱਕ ਦੂਸਰਿਆਂ ਦੀਆਂ ਮੁਸ਼ਕਿਲਾਂ ਨੂੰ ਸੁਣਨਾ, ਸਮਝਣਾ, ਆਦਿ ਸਭ ਪਿੱਛੇ ਛੁੱਟਦਾ ਜਾ ਰਿਹਾ ਹੈ। ਇਸ ਸਭ ਵਿੱਚ ਬੱਚੇ ਸਭ ਤੋਂ ਵੱਡੀ ਮੁਸ਼ਕਲ ਦਾ ਸਾਹਮਣਾ ਕਰ ਰਹੇ ਹਨ। ਬੱਚਿਆਂ ਨੂੰ ਮਾਪਿਆਂ ਦੇ ਸਮੇਂ ਅਤੇ ਸਾਥ ਦੀ ਬਹੁਤ ਜ਼ਰੂਰਤ ਹੁੰਦੀ ਹੈ। ਜੇਕਰ ਮਾਪੇ ਆਪਣੇ ਬੱਚੇ ਨੂੰ ਸਮਾਂ ਨਹੀਂ ਦੇ ਰਹੇ ਤਾਂ ਮਾਪਿਆਂ ਕੋਲ ਬੱਚੇ ਤੋਂ ਕਿਸੇ ਵੀ ਤਰ੍ਹਾਂ ਦੀ ਆਸ ਰੱਖਣ ਅਤੇ ਉਸਦੇ ਗਲਤ ਵਿਵਹਾਰ ਦੀ ਚਿੰਤਾਂ ਜ਼ਾਹਿਰ ਕਰਨ ਦਾ ਕੋਈ ਹੱਕ ਨਹੀਂ ਰਹਿ ਜਾਂਦਾ। ਬੱਚੇ ਨੂੰ ਪੂਰਾ ਸਮਾਂ ਦੇਣਾ, ਉਸਦੀਆਂ ਆਰਥਿਕ ਅਤੇ ਭਾਵਨਾਤਮਿਕ ਜਰੂਰਤਾਂ ਦਾ ਧਿਆਨ ਰੱਖਣਾ, ਉਸਦੀਆਂ ਮੁਸ਼ਕਿਲਾਂ ਨੂੰ ਸੁਣਨਾ ਤੇ ਹੱਲ ਕਰਨਾ, ਮਾਪਿਆਂ ਦੀ ਪਹਿਲੀ ਜ਼ਿੰਮੇਵਾਰੀ ਹੈ। ਜਿਸ ਤੇਜ਼ ਰਫ਼ਤਾਰ ਨਾਲ ਮਾਨਸਿਕ ਬਿਮਾਰੀਆਂ ਵੱਧ ਰਹੀਆਂ ਹਨ, ਅਜਿਹੇ ਵਿੱਚ ਮੈਨੂੰ ਲੱਗਦਾ ਹੈ ਕਿ ਚਾਰ ਪੈਸੇ ਘੱਟ ਨਾਲ ਤਾਂ ਗੁਜ਼ਾਰਾ ਹੋ ਸਕਦਾ ਪਰੰਤੂ ਜਿਸ ਪੀੜਾ ਵਿੱਚ ਬੱਚੇ ਨਿਕਲਦੇ ਹਨ, ਉਹ ਬਹੁਤ ਭਿਆਨਕ ਹੈ। ਬੱਚਿਆਂ ਦਾ ਜ਼ਿੰਦਗੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਜੀਵਨ ਤੋਂ ਮਨ ਚੁੱਕਿਆ ਜਾਂਦਾ ਹੈ, ਉਦਾਸ, ਚਿੰਤਾਤੁਰ , ਮੁਰਝਾਏ ਚਿਹਰਿਆਂ ਤੋਂ ਰੌਣਕਾਂ ਉੱਡੀਆਂ ਰਹਿੰਦੀਆਂ ਹਨ। ਇਸਦਾ ਇੱਕ ਹੋਰ ਕਾਰਣ ਵੀ ਹੈ, ਜਿਸ ਵਿੱਚ ਮਾਪੇ ਬੱਚਿਆਂ ਤੋਂ ਬਹੁਤ ਜਿਆਦਾ ਇਛਾਵਾਂ ਰੱਖ ਲੈਂਦੇ ਹਨ, ਪਰ ਉਹਨਾਂ ਨੂੰ ਪੂਰਿਆਂ ਕਰਨ ਲਈ ਉਹਨਾਂ ਦਾ ਸਾਥ ਨਹੀਂ ਦਿੱਤਾ ਜਾਂਦਾ ਬਸ ਨਤੀਜੇ ਮੰਗੇ ਜਾਂਦੇ ਹਨ। ਇਸ ਨਾਲ ਬੱਚਿਆਂ ਤੇ ਮਾਨਸਿਕ ਬੋਝ ਵੱਧਦਾ ਹੈ, ਅਤੇ ਬੱਚੇ ਉਦਾਸ, ਚਿੜਚਿੜੇ ਅਤੇ ਨਾਖੁਸ਼ ਰਹਿਣ ਲੱਗਦੇ ਹਨ।

ਮਾਪਿਆਂ ਨੂੰ ਇਹ ਜ਼ਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਬੱਚੇ ਸਿਰਫ਼ ਉਹਨਾਂ ਦੇ ਪਰਿਵਾਰ ਦਾ ਹੀ ਹਿੱਸਾ ਨਹੀਂ ਬਲਕਿ ਸਮਾਜ ਦਾ ਵੀ ਹਿੱਸਾ ਹਨ। ਅਜਿਹੇ ਬੱਚੇ ਜੋ ਮਾਨਸਿਕ ਤੌਰ 'ਤੇ ਪਰੇਸ਼ਾਨ ਹੋਣਗੇ ਉਹ ਭਵਿੱਖ ਵਿੱਚ ਇੱਕ ਚੰਗੇ ਸਮਾਜ ਦਾ ਨਿਰਮਾਣ ਕਿਵੇਂ ਕਰਨਗੇ? ਇੱਕ ਚੰਗੇ ਸਮਾਜ ਦੀ ਸਿਰਜਣਾ ਲਈ ਚੰਗੇ ਬੱਚਿਆਂ ਦਾ ਹੋਣਾ ਬਹੁਤ ਜ਼ਰੂਰੀ ਹੈ, ਤਾਂ ਜੋ ਭਵਿੱਖ ਵਿੱਚ ਉਹ ਸਮਾਜ ਦੀ ਬਿਹਤਰੀ ਲਈ ਸੋਚ ਸਕਣ। ਬੱਚਿਆਂ ਨੂੰ ਪੈਦਾ ਕਰਨ ਤੋਂ ਬਾਅਦ ਉਹਨਾਂ ਦੀ ਹਰ ਆਰਥਿਕ ਅਤੇ ਭਾਵਨਾਤਮਕ ਲੋੜ ਦਾ ਧਿਆਨ ਰੱਖਿਆ ਜਾਵੇ, ਉਹਨਾਂ ਦੇ ਦਿਲ ਨੂੰ ਫਰੋਲਿਆ ਜਾਵੇ, ਇਹਨਾਂ ਮੁਰਝਾਏ ਚਿਹਰਿਆਂ ਦੀ ਰੰਗਤ ਵਾਪਿਸ ਲਿਆਉਣ ਦਾ ਆਸਾਨ ਤਰੀਕਾ ਇਹੀ ਹੈ ਕਿ ਸਮਾਂ ਰਹਿੰਦਿਆਂ ਬੱਚਿਆਂ ਨੂੰ ਅਪਣੱਤਾ ਨਾਲ ਪਾਲਿਆ ਜਾਵੇ, ਉਹਨਾਂ ਦੀ ਹੌਸਲਾ ਅਫਜਾਈ ਕੀਤੀ ਜਾਵੇ, ਚੰਗੇ ਮਾੜੇ ਦੀ ਪਰਖ ਕਰਨੀ ਸਿਖਾਈ ਜਾਵੇ ਤੇ ਹਰ ਕਦਮ ਤੇ ਉਹਨਾਂ ਦਾ ਸੁਰੱਖਿਆ ਕਵਚ ਬਣ ਨਾਲ ਖੜਿਆ ਜਾਵੇ। ਇਸ ਲਈ ਮਾਪਿਆਂ ਦਾ ਬੱਚਿਆਂ ਨਾਲ ਸਮਾਂ ਬਿਤਾਉਣਾ ਬਹੁਤ ਜ਼ਰੂਰੀ ਹੈ, ਤਾਂ ਜੋ ਬੱਚਿਆਂ ਦਾ ਸਰਵਪੱਖੀ ਵਿਕਾਸ ਸੰਭਵ ਹੋ ਸਕੇ।

ਹਰਕੀਰਤ ਕੌਰ, ਮੋ. 97791-18066

## ਪਾਖੰਡੀ ਸਾਧ



ਗੇਰੂ ਰੰਗੇ ਕੱਪੜੇ ਪਾਉਂਦੇ,
ਅਨਪੜ੍ਹ ਲੋਕਾਂ ਨੂੰ ਭਰਮਾਉਂਦੇ
ਇਹ ਪਾਖੰਡੀ ਸਾਧ।

ਪੰਜ ਸੱਤ ਚੇਲੇ ਨਾਲ ਰਲਾ ਕੇ,
ਲੋਕਾਂ ਦੇ ਵਿੱਚ ਵਹਿਮ ਫੈਲਾ ਕੇ
ਤੋਰੀ ਫੁਲਕਾ ਚਲਾਉਂਦੇ
ਇਹ ਪਾਖੰਡੀ ਸਾਧ।

ਕਰਨ ਵਿਗਿਆਨਕ ਖੇਡਾਂ,
ਲੋਕੀਂ ਜਾਂਦੇ ਵਾਂਗਰ ਭੇਡਾਂ,
ਦੇਸੀ ਘਿਓ ਦੀਆਂ ਮੰਗਣ ਦੇਗਾਂ,
ਇਹ ਪਾਖੰਡੀ ਸਾਧ।

ਸੰਕਰੀਨ ਨਾਲ ਨਿੰਮ ਕਰਦੇ ਮਿੱਠਾ,
ਇਹ ਕੈਮੀਕਲ ਖੰਡ ਨਾਲੋਂ ਮਿੱਠਾ,
ਐਵੇਂ ਫੋਕੇ ਨੰਬਰ ਬਣਾਉਂਦੇ,
ਇਹ ਪਾਖੰਡੀ ਸਾਧ।

ਹਵਾ ਵਿੱਚੋਂ ਪ੍ਰਸ਼ਾਦ ਬਣਾਉਂਦੇ,
ਕਾਜੂ ਬਾਹਾਂ ਵਿੱਚ ਫਸਾਉਂਦੇ,
ਪ੍ਰਸ਼ਾਦ ਹੱਥੀਂ ਡਿੱਗੇ ਜਦ ਬਾਂਹ ਹਿਲਾਉਂਦੇ
ਇਹ ਪਾਖੰਡੀ ਸਾਧ।

ਹੱਡੀਆਂ ਉੱਤੇ ਸੋਡੀਅਮ ਪਾ ਕੇ,
ਮਗਰੋਂ ਉੱਤੇ ਪਾਣੀ ਪਾ ਕੇ,
ਅੱਗ ਦੀ ਲਾਟ ਵਿਖਾਉਂਦੇ,
ਇਹ ਪਾਖੰਡੀ ਸਾਧ।

ਲੋਕੋ ਰੂੜੀਵਾਦੀ ਛੱਡੋ ਗੱਲਾਂ,
ਮਹਿਰਾਜ ਵਾਲੇ ਦੇ ਆਖੇ ਲੱਗ ਕੇ,
ਤੁਸੀਂ ਵਿਗਿਆਨਕ ਮਾਰੋ ਮੱਲਾਂ।
ਸਾਧ ਹੁੰਦੇ ਨੇ ਪੂਰੇ ਪਾਖੰਡੀ,
ਥੋਡੀ ਛਿੱਲ ਇਹ ਲਾਹੁੰਦੇ ਚੰਗੀ।
ਆਪਣੇ ਭਵਿੱਖ ਦਾ ਪਤਾ ਨੀ ਹੁੰਦਾ,
ਥੋਡਾ ਭਵਿੱਖ ਦਿਖਾਉਂਦੇ
ਇਹ ਪਾਖੰਡੀ ਸਾਧ।

- ਬਲਵੀਰ ਸਿੰਘ ਮਹਿਰਾਜ
98036-36242

*****

## ਕਦਰਾਂ ਕੀਮਤਾਂ



ਕਦਰਾਂ ਕੀਮਤਾਂ ਭੁੱਲ ਨਾ ਜਾਈਂ
ਕੱਖਾਂ ਵਾਂਗੂ ਰੁਲ ਨਾ ਜਾਈਂ
ਤੇਰੇ ਹਾਸੇ, ਤੇਰੀਆਂ ਖੁਸ਼ੀਆਂ
ਬਿਨ ਸਕੇ ਸੰਬੰਧੀਆਂ ਮਿੱਤ ਨਾ ਕੋਈ।

ਰੁਕਾਵਟਾਂ ਤੇਰੇ ਰਸਤੇ ਹੋਵਣ
ਖ਼ੂਨ ਦੇ ਰਿਸ਼ਤੇ ਛੱਡ ਕੇ
ਚਾਹੁੰਦਾ ਤੇਰਾ ਹਿੱਤ ਨਾ ਕੋਈ।

ਆਪਣਿਆ ਨੂੰ ਲਾ ਕੇ ਢਾਹ
ਰੋੜ੍ਹੇ ਅਟਕਾ ਕੇ ਉਹਨਾਂ ਦੀ ਰਾਹ
ਵਿੱਚ ਲੁਕਾਈ ਪਾ ਕੇ ਗਾਹ
ਸਕਿਆ ਸੰਸਾਰ ਜਿੱਤ ਨਾ ਕੋਈ।

ਫਸਕੇ ਵਿੱਚ ਵਿਕਾਰਾਂ ਅੰਦਰ
ਰਹੇ ਭਟਕਦਾ, ਭਟਕਣਾ ਅੰਦਰ
ਆਢਾ ਲਾਵੇ ਨਾਲ ਪਤੰਦਰ
ਤੇਰਾ ਹਉਮੈ ਰਹਿਣ ਨਾ ਦੇਵੇ
ਗੱਲ ਤੈਨੂੰ ਚਿੱਤ ਨਾ ਕੋਈ।

ਇੱਕ ਦਿਨ ਸਮੇਂ ਦੀ ਖੇਡ ਦੇ ਅੰਦਰ
ਖਾ ਭੁਆਂਟਣੀ ਡਿੱਗ ਜਾਂਦੇ ਨੇ
ਆਪਣੀਆਂ ਨਜ਼ਰਾਂ ਵਿੱਚੋ
ਤੀਰਾਂ ਵਾਂਗੂ ਚੁਭ ਜਾਂਦੇ ਨੇ
ਫਿਰ ਗੱਲ ਤੇਰੇ ਹੱਕ ਦੀ
ਕਰਦਾ "ਅਮਨ" ਨਿੱਤ ਨਾ ਕੋਈ।

- ਅਮਨਦੀਪ ਕੌਰ ਡੱਗਰੂ
88721-28554

## ਆ ਸੱਜਣਾ ਲਾਹੌਰ ਵਿਖਾਵਾਂ



ਆ ਸੱਜਣਾ ਲਾਹੌਰ ਵਿਖਾਵਾਂ,
ਜੁੱਤੀ ਕਸੂਰ ਦੀ, ਕੁੜਤੀ ਲਾਹੌਰ ਦੀ
ਚੁੰਨੀ ਮੁਲਤਾਨ ਤੋਂ ਮੰਗਾਵਾਂ,
ਆ ਸੱਜਣਾ..........

ਨਹਾਰੀ ਹਲੀਮ, ਹਰੀਸਾ ਖਾਈਏ,
ਮੱਛੀ, ਚਰਗਾ, ਪਾਵੇ ਖਾਈਏ
ਨਾਲ ਲੱਸੀ ਦੀ ਢਿੱਪ ਚੜ੍ਹਾਈਏ,
ਅੰਬਾਂ ਦਾ ਵੀ ਢੇਰ ਮੰਗਾਵਾਂ
ਆ ਸੱਜਣਾ..........

ਸ਼ਾਲਮਾਰ ਵਿਖਾਵਾਂ ਤੈਨੂੰ,
ਸ਼ੀਸ਼ ਮਹਿਲ ਲੈ ਜਾਵਾਂ ਤੈਨੂੰ
ਦਾਤਾ ਸਾਹਿਬ ਵਿਖਾਵਾਂ ਤੈਨੂੰ,
ਸ਼ਾਹੀ ਮਸਜਿਦ, ਕਿਲ੍ਹਾ ਵਿਖਾਵਾਂ
ਆ ਸੱਜਣਾ..........

ਡੇਰਾ ਸਾਹਿਬ ਵੀ ਡੇਰਾ ਲਾਈਏ,
ਮਹਾਰਾਜਾ ਦੀ ਮੜ੍ਹੀ 'ਤੇ ਜਾਈਏ
ਗੁਰੂ ਅਰਜਨ ਦਾ ਲੰਗਰ ਖਾਈਏ,
ਮਹਾਰਾਣੀ ਦਾ ਮਹਿਲ ਵਿਖਾਵਾਂ
ਆ ਸੱਜਣਾ..........

ਸ਼ਾਹ ਹੁਸੈਨ ਦੇ ਦਰ 'ਤੇ ਜਾਈਏ,
ਝੋਲੀ ਭਰ ਮੁਰਾਦਾਂ ਪਾਈਏ
ਉਸ ਦੀ ਕਾਫ਼ੀ ਉਹਨੂੰ ਸੁਣਾਈਏ,
ਬੁੱਲ੍ਹੇ ਵਾਂਗੂ ਯਾਰ ਮਨਾਵਾਂ
ਆ ਸੱਜਣਾ..........

ਮੀਆਂ ਮੀਰ ਮਜ਼ਾਰ 'ਤੇ ਜਾਈਏ,
ਦਾਰਾ ਵਾਂਗੂ ਸੀਸ ਨਿਵਾਈਏ
ਪ੍ਰੇਮ ਪਿਆਰ ਦੇ ਗੀਤ ਸੁਣਾਈਏ,
ਗੁਰੂ ਤੇ ਪੀਰ ਦੀ ਕਥਾ ਸੁਣਾਵਾਂ
ਆ ਸੱਜਣਾ..........

-ਨੀਲਮਾ ਨਾਹੀਦ ਦੁਰਾਨੀ
ਸੇਵਾ ਮੁਕਤ ਐੱਸ.ਐੱਸ.ਪੀ. ਪਾਕਿਸਤਾਨ

*****

## ਕਿਉਂ ਵੀਰਾਨੀ ਹੈ ?



ਮੇਰੇ ਪੰਜਾਬ ਦਾ ਦੱਸ ਕੋਈ ਸਾਨੀ ਹੈ,
ਨਾ ਆਬ ਆਪਣਾ ਨਾ ਰਾਜਧਾਨੀ ਹੈ।

ਖਰਚਾ ਰੁਪਿਆ ਆਮਦਨ ਅਠਾਨੀ ਹੈ,
ਘਰ ਬਰਬਾਦੀ ਦੀ ਪੱਕੀ ਨਿਸ਼ਾਨੀ ਹੈ।

ਜ਼ਿੰਦਗੀ ਦੇ ਬਾਗ਼ ਵਿੱਚ ਕਿਉਂ ਵੀਰਾਨੀ ਹੈ,
ਪਿਆਰ ਉੱਤੇ ਨਫ਼ਰਤ ਦੀ ਨਿਗਾਹਬਾਨੀ ਹੈ।

ਪਿਆਸੇ ਮਰਨ ਦਾ ਬਣੇਗੀ ਸਬੱਬ ਇਹ,
ਪਾਣੀਆਂ ਨਾਲ ਕੀਤੀ ਛੇੜਖਾਨੀ ਹੈ।

ਲਾਲਚ ਹੀ ਰਿਹਾ ਹੈ ਅਖ਼ਲਾਕ ਦਾ ਦੁਸ਼ਮਣ,
ਇਹ ਬੰਦੇ ਦੀ ਨਾਦਾਨੀ ਨਹੀਂ ਸ਼ੈਤਾਨੀ ਹੈ।

ਜਾਪਦੀ ਹੈ ਇਹ ਚਿੱਟੇ ਦੀ ਦਾਸਤਾਂ ਕਾਲੀ,
ਵਿਲਕਦਾ ਬੁਢਾਪਾ ਰੁੜ੍ਹਦੀ ਜਵਾਨੀ ਹੈ।

ਭਰੋਸਾ ਰੱਖ 'ਆਤਮ' ਨਾਖ਼ੁਦਾ ਉੱਤੇ,
ਵੇਗ ਪੌਣ ਦਾ ਬੇਸ਼ੱਕ ਤੂਫ਼ਾਨੀ ਹੈ।

ਮਾ. ਆਤਮਾ ਸਿੰਘ ਚੜਿੱਕ

ਧਾਰਮਿਕ ਸਮਾਗਮ, ਧਾਰਮਿਕ ਦੀਵਾਨ, ਸੱਭਿਆਚਾਰਕ ਪ੍ਰੋਗਰਾਮ,
ਸਾਹਿਤਕ ਪ੍ਰੋਗਰਾਮ, ਧਾਰਮਿਕ ਦਿਨ ਤਿਉਹਾਰਾਂ, ਖੇਡਾਂ ਦਾ
ਮਹਿਕ ਵਤਨ ਦੀ ਲਾਈਵ ਟੀ.ਵੀ. ਤੇ
ਬਰਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ/ ਚੀਫ਼ ਡਾਇਰੈਕਟਰ)
ਸਿੱਧਾ ਪ੍ਰਸਾਰਨ
ਕਰਵਾਉਣ ਲਈ ਸੰਪਰਕ ਕਰੋ!
Contact For Live Telicast
Help Line: 9988 92 9988
Monthly Magazine * Daily Online Newspaper * Web TV Channel
www.mehakwatandilive.com

# ਕਿਹੋ ਜਿਹਾ ਹੋਵੇ ਅਧਿਆਪਕ !



ਕਿਸੇ ਵੀ ਬੱਚੇ ਲਈ ਜਿਹੜਾ ਪੜ੍ਹਨ ਲਈ ਜਾਂਦਾ ਹੈ ਓਸ ਲਈ ਘਰ ਤੋਂ ਬਾਅਦ ਸਕੂਲ ਹੀ ਓਸਦਾ ਦੂਜਾ ਘਰ ਹੁੰਦਾ ਹੈ ਤੇ ਉਸ ਸਕੂਲ ਰੂਪੀ ਘਰ ਦੇ ਵਾਤਾਵਰਨ ਨੂੰ ਬੱਚਿਆਂ ਲਈ ਸਹਿਜ ਤੇ ਸੋਹਣਾ ਬਣਾਉਣਾ ਅਧਿਆਪਕ ਦਾ ਮੁਢਲਾ ਫ਼ਰਜ਼ ਹੁੰਦਾ ਹੈ ਤਾਂ ਕਿ ਬੱਚਿਆਂ ਨੂੰ ਸਕੂਲ ਆਉਣ ਦਾ ਚਾਅ ਹੋਵੇ, ਨਾ ਕਿ ਸਕੂਲ ਆਉਣਾ ਬੋਝ ਲੱਗੇ।

ਸੁਹਿਰਦ ਅਧਿਆਪਕ ਆਪਣੇ ਇਸ ਫ਼ਰਜ਼ ਨੂੰ ਬਾਖ਼ੂਬੀ ਨਿਭਾਉਂਦੇ ਵੀ ਹਨ ਤੇ ਨਿਭਾਉਣਾ ਵੀ ਚਾਹੀਦਾ ਹੈ। ਜਿਸ ਅਧਿਆਪਕ ਨੇ ਆਪਣੇ ਵਿਦਿਆਰਥੀਆਂ ਦੇ ਮਨਾਂ ਨਾਲ ਸਾਂਝ ਪਾ ਲਈ, ਓਹਨਾਂ ਦੇ ਮਾਨਸਿਕ ਪੱਧਰ ਨੂੰ ਸਮਝ ਕੇ ਪੜ੍ਹਾਇਆ ਹੈ ਮੈਨੂੰ ਉਹ ਅਧਿਆਪਕ ਬਹੁਤ ਵਧੀਆ ਲਗਦੇ ਆ, ਮੇਰੇ ਮਨ ਤੇ ਉਹਨਾਂ ਦਾ ਸਤਿਕਾਰ ਉੱਕਰਿਆ ਹੈ। ਅਧਿਆਪਕ ਦਾ ਅਧਿਆਪਕ ਹੋਣਾ ਓਦੋਂ ਸਫ਼ਲ ਹੋ ਜਾਂਦਾ ਜਦੋਂ ਬੱਚੇ ਕਲਾਸ ਵਿੱਚ ਉਸ ਨੂੰ ਬੇਸਬਰੀ ਨਾਲ ਉਡੀਕਦੇ ਹੋਣ। ਜਦੋਂ ਉਹ ਅਧਿਆਪਕ ਕਿਸੇ ਦਿਨ ਸਕੂਲ ਨਾ ਆਵੇ ਤਾਂ ਬੱਚੇ ਉਦਾਸ ਹੋਣ ਅਤੇ ਅਗਲੇ ਦਿਨ ਇਕੱਠੇ ਹੋ ਕੇ ਪੁੱਛਣ, "ਸਰ/ ਮੈਡਮ ਜੀ ਤੁਸੀਂ ਕੱਲ੍ਹ ਕਿਓਂ ਨਹੀਂ ਸੀ ਆਏ?"

ਇਹ ਵਿਰਲੇ ਟਾਂਵੇ ਅਧਿਆਪਕਾਂ ਦੇ ਹਿੱਸੇ ਆਉਂਦਾ ਹੈ ਨਹੀਂ ਤਾਂ ਬੱਚੇ ਖੁਸ਼ ਹੁੰਦੇ ਕਿ ਸਾਇੰਸ ਵਾਲੇ ਸਰ ਨਹੀਂ ਆਏ। ਬਹੁਤ ਪਵਿੱਤਰ ਹੁੰਦਾ ਹੈ ਅਧਿਆਪਕ ਤੇ ਵਿਦਿਆਰਥੀ ਦਾ ਰਿਸ਼ਤਾ। ਇੱਕ ਚੰਗਾ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਸਿਰਫ਼ ਸਿਲੇਬਸ ਦਾ ਗਿਆਨ ਨਹੀਂ ਦਿੰਦਾ ਸਗੋਂ ਸਿਲੇਬਸ ਤੋਂ ਬਿਨਾ ਹੋਰ ਵੀ ਬਹੁਤ ਕੁਝ ਦਸਦਾ ਹੈ, ਜਿਹੜਾ ਬੱਚਿਆਂ ਦੀ ਜ਼ਿੰਦਗੀ ਵਿੱਚ ਕੰਮ ਆਵੇ। ਇੱਕ ਬਹੁਤ ਸੋਹਣਾ ਵਿਚਾਰ ਆ, "ਅਧਿਆਪਕ ਉਹ ਮੋਮਬੱਤੀ ਹੁੰਦੀ ਹੈ, ਜੋ ਆਪ ਜਲ ਕੇ ਦੂਸਰਿਆਂ ਨੂੰ ਰੌਸ਼ਨੀ ਦਿੰਦੀ ਹੈ।" ਵਾਕਈ ਚੰਗਾ ਅਧਿਆਪਕ ਰਹਿੰਦੀ ਉਮਰ ਤੱਕ ਆਪਣੇ ਵਿਦਿਆਰਥੀਆਂ ਦੇ ਦਿਲਾਂ ਦੇ ਰਾਜ ਕਰਦਾ ਹੈ ਤੇ ਇਹੋ ਓਹਨਾਂ ਦੀ ਪ੍ਰਾਪਤੀ ਹੁੰਦੀ ਹੈ। ਸਾਨੂੰ ਅਧਿਆਪਕਾਂ ਨੂੰ ਵੀ ਅਜਿਹੇ ਗੁਣ ਪੈਦਾ ਕਰਨੇ ਚਾਹੀਦੇ ਹਨ ਕਿ ਵਿਦਿਆਰਥੀ ਤੁਹਾਨੂੰ ਦਿਲੋਂ ਪਿਆਰ ਸਤਿਕਾਰ ਦੇਣ।

- ਸਿੱਧੂ ਜਸਮੀਤ

M: 98556-88072, 88728-09846
ਚਾਰੇ ਪਾਸੇ ਮਹਿਕਾਂ ਖਿਲਾਰਦਾ, ਮੇਰਾ ਮੋਗਾ ਬਈ
ਮੇਰਾ ਮੋਗਾ ਲਿਸ਼ਕਾਂ ਮਾਰਦਾ
ਸੁੱਖ ਰੱਖੀ ਮੇਰੇ ਪੰਜਾਬ ਨੂੰ ਸੁੱਖ ਰੱਖੀ ਮਾਲਕਾ
ਮਾਂ ਤੂੰ ਰੱਬ ਦਾ ਰੂਪ ਏ ਰੱਬ ਤੇਰੇ ਵਿੱਚ ਵਸਦਾ ਏ
ਲੋਕ ਚੇਤਨਾ ਕੇਂਦਰ
ਪ੍ਰੋ: ਗੀਤਕਾਰ ਜਗਤਾਰ ਸਿੰਘ ਪਰਮਿਲ
ਮੈਰਿਜ਼ ਸਲਾਹਕਾਰ, VCN ਸਿਹਤ ਸਲਾਹਕਾਰ
Regd. No. 8/40/179/7015
ਪਿੰਡ ਨਾਹਲ ਖੋਟੇ (ਡਾਕ ਤਾਰੇਵਾਲਾ) ਮੋਗਾ 142001

ਸਰਬੱਤ ਦਾ ਭਲਾ ਚੈਰੀਟੇਬਲ
ਟਰੱਸਟ ਮੋਗਾ ਵੱਲੋਂ
6 ਮਹੀਨੇ ਦਾ ਮੁਫਤ ਸਿਲਾਈ ਕਢਾਈ ਦਾ ਕੋਰਸ
(ਕਲਾਸ ਟਾਈਮ: 2 ਘੰਟੇ) ਸਰਕਾਰ ਤੋਂ ਮਾਨਤਾ ਪ੍ਰਾਪਤ ਸਰਟੀਫਿਕੇਟ
ਮੈਨੇਜਿੰਗ ਟਰੱਸਟੀ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)
ਫਰੀ ਸਿਲਾਈ ਕਢਾਈ ਕੋਰਸ
Course: 6 Month * Class Time: 2 Hour
ਮੁਫ਼ਤ ਕੰਪਿਊਟਰ ਕੋਰਸ Free Computer Course

ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਮੋਗਾ ਵੱਲੋਂ
Beautician Course
ਬਿਊਟੀਸ਼ਨ ਕੋਰਸ
Course: 6 Month Monthly Fee Only 1,000/-
Class Time: 2 Hour ਸਰਕਾਰ ਤੋਂ ਮਾਨਤਾ ਪ੍ਰਾਪਤ ਸਰਟੀਫਿਕੇਟ
ਨੇੜੇ ਗੁਰਦੁਆਰਾ ਸਾਹਿਬ, ਬਸਤੀ ਗੋਬਿੰਦਗੜ੍ਹ ਮੋਗਾ
ਸੰਪਰਕ: 90565-48918, 94647-87498, 83608-17686

ਰੋਜ਼ਾਨਾ ਆਨਲਾਈਨ ਅਖ਼ਬਾਰ ਪੜ੍ਹਨ ਲਈ ਕਲਿਕ ਕਰੋ
www.mehakwatandilive.com

# ਅਮਰੀਕਾ ਦਾ ਪੰਜਾਬ ਪ੍ਰਤੀ ਵਿਵਹਾਰ




ਸਾਲ 2025 ਦੀ ਸ਼ੁਰੂਆਤ ਘਰ ਘਾਟ ਵੇਚ ਕੇ, ਸਵੈ-ਜਲਾਵਤਨੀ ਸਹੇੜ ਕੇ ਅਨੇਕਾਂ ਅਸਹਿ ਅਤੇ ਅਕਹਿ ਮਾਨਸਿਕ ਅਤੇ ਸਰੀਰਕ ਕਸ਼ਟ ਸਹਾਰਦੇ ਔਝੜ ਰਾਹਾਂ ਦੇ ਪਾਂਧੀ ਬਣ ਹਜ਼ਾਰਾ ਲੱਖਾਂ ਪੰਜਾਬੀ ਪਿਛਲੇ ਕਈ ਦਹਾਕਿਆਂ ਤੋਂ ਸਾਮਰਾਜੀ ਮੁਲਕਾਂ ਦੀਆਂ ਬਰੂਹਾਂ ਤੇ ਪੁੱਜੇ। ਇੱਕ ਰੋਟੀ ਰੋਜ਼ੀ ਖਾਤਰ ਆਪਣਾ ਸਵੈਮਾਣ ਦਾਅ ਤੇ ਲਗਾਉਣਾ ਪਿਆ। ਪਰ ਹੁਣ ਜਿਸ ਤਰ੍ਹਾਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਆਪਣੇ ਸੈਨਿਕ ਜਹਾਜ਼ ਨੂੰ ਪੰਜਾਬ ਦੀ ਧਰਤੀ ਤੇ ਉਤਾਰ ਕੇ ਭਾਰਤ ਦੀ ਪ੍ਰਭੂਸਤਾ ਅਤੇ ਸਵੈਮਾਣ ਨੂੰ ਜੋ ਦਾਦਾਗਿਰੀ ਦਿਖਾਈ ਹੈ ਉਸਨੇ ਕੇਂਦਰ ਅਤੇ ਪੰਜਾਬ ਦੇ ਹੁਕਮਰਾਨਾਂ ਅੱਗੇ ਕਈ ਸਵਾਲ ਛੱਡੇ ਹਨ। ਪ੍ਰਵਾਸ ਇੱਕ ਕੁਦਰਤੀ ਵਰਤਾਰਾ ਹੈ। ਰਿਜ਼ਕ ਖਾਤਰ ਤਾਂ ਇਹ ਪੰਛੀ ਵੀ ਕਰਦੇ ਹਨ ਅਤੇ ਅਸੀ ਤਾਂ ਫੇਰ ਵੀ ਮੁਨੱਖ ਹਾਂ। ਪ੍ਰਵਾਸ ਦੋ ਤਰ੍ਹਾਂ ਦਾ ਵਰਤਾਰਾ ਹੈ। ਪਹਿਲਾ ਸਾਮਰਾਜੀ ਮੁਲਕ ਏਸ਼ੀਆ ਤੇ ਪਿਛੜੇ ਦੇਸ਼ਾਂ ਨੂੰ ਆਪਣੀ ਲੁੱਟ ਕਾਇਮ ਰੱਖਣ ਲਈ ਏਹਨਾਂ ਮੁਲਕਾਂ ਤੇ ਕਾਬਜ਼ ਹੋ ਕੇ ਰਾਜ ਕਾਇਮ ਕਰਕੇ ਏਹਨਾਂ ਦੇਸ਼ਾਂ ਦੇ ਆਰਥਿਕ ਸੋਮਿਆਂ ਦੀ ਲੁੱਟ ਕਰਦੇ ਰਹੇ। ਹਰ ਦੇਸ਼ ਵਿੱਚ ਬੈਠੇ ਟੁੱਕੜ ਬੋਚ ਲੋਕ ਇਹਨਾਂ ਦੀ ਜੀ ਹਜ਼ੂਰੀ ਵੀ ਕਰਦੇ ਰਹੇ ਅਤੇ ਗ਼ੈਰਤਮੰਦ ਇਹਨਾਂ ਨੂੰ ਵੰਗਾਰਦੇ ਵੀ ਰਹੇ। ਫੇਰ ਸਾਮਰਾਜੀ ਮੁਲਕਾਂ ਜਰਮਨੀ, ਜਪਾਨ, ਪੁਰਤਗਾਲ, ਇੰਗਲੈਂਡ, ਇਟਲੀ ਤੇ ਅਮਰੀਕਾ ਆਪੋਂ ਆਪਣੇ ਗੁੱਟ ਬਣਾ ਕੇ ਪਹਿਲੇ ਅਤੇ ਦੂਸਰੇ ਸੰਸਾਰ ਯੁੱਧ ਵਿੱਚ ਆਪਣੇ ਹਿੱਤਾਂ ਲਈ ਲੁੱਟੇ ਜਾਣ ਵਾਲੇ ਦੇਸ਼ਾਂ ਨੂੰ ਯੁੱਧ ਵਿੱਚ ਬਾਲਣ ਦੇ ਰੂਪ ਵਿੱਚ ਵੀ ਝੋਕਦੇ ਰਹੇ। ਇਹ ਉਹਨਾਂ ਮੁਲਕਾਂ ਦਾ ਆਪਣੀਆਂ ਲੁੱਟ ਦੀਆਂ ਬਸਤੀਆਂ ਨੂੰ ਬਚਾਉਣ ਅਤੇ ਰਾਜ ਕਰਨ ਦਾ ਪ੍ਰਵਾਸ ਸੀ। ਸਧਾਰਨ ਮਨੁੱਖ ਜੋ ਆਪਣੀ ਲੁੱਟ ਹੋਣ ਕਰਕੇ ਹਾਸ਼ੀਏ ਤੇ ਧੱਕਿਆ ਜਾ ਰਿਹਾ ਸੀ ਉਹਨਾਂ ਕਿਰਤੀ ਲੋਕਾਂ ਲਈ ਆਪਣੇ ਪ੍ਰੀਵਾਰ ਦਾ ਗੁਜ਼ਾਰਾ ਕਰਨ ਲਈ ਜ਼ਰੂਰੀ ਲੋੜ ਬਣ ਗਿਆ ਸੀ। ਵੀਹਵੀਂ ਸਦੀ ਵਿੱਚ ਪੰਜਾਬ ਦੇ ਵਾਸੀਆਂ ਨੂੰ ਏਹਨਾਂ ਔਝੜ ਰਾਹਾਂ ਦਾ ਪਾਂਧੀ ਬਣਨਾ ਪਿਆ ਜੋ ਕਿ 1975 ਤੋਂ ਬਾਅਦ 2000 ਤੱਕ ਇੱਕ ਵਿਸ਼ੇਸ਼ "ਸਰਦਾਰੀ" ਦਾ ਰੁਤਬਾ ਪ੍ਰਤੀਕ ਬਣ ਗਿਆ ਸੀ। ਪੰਦਰਾਂ ਸਾਲ ਪੰਜਾਬ ਦੇ ਕਾਲੇ ਦੌਰ ਨੇ ਇਸ ਰੁਝਾਨ ਨੂੰ ਸ਼ਰਨਾਰਥੀ ਰੂਪ ਵਿੱਚ ਤੇਜ਼ ਕੀਤਾ।

ਇੱਕੀਵੀਂ ਸਦੀ ਵਿੱਚ ਜਦੋਂ ਸਤਾ ਬੇਲਰਾਮ ਹੋ ਕੇ ਹੁਕਮਰਾਨ ਨਸ਼ਿਆਂ ਦੀ ਤਜ਼ਾਰਤ ਤੇ ਆ ਗਏ ਅਤੇ ਇਹ ਹਰ ਤਰ੍ਹਾਂ ਦੀ ਚੋਣ ਦਾ ਹਿੱਸਾ ਬਣਨ ਲੱਗਾ ਤਾਂ ਇਸ ਨੇ ਵੀ ਕਾਲੇ ਦੌਰ ਵਾਂਗ ਪੰਜਾਬ ਦੇ ਲੱਖਾਂ ਨੌਜਵਾਨਾਂ ਦੀ ਕੁਝ ਨਵਾ ਸਿਰਜਣ ਦੀ ਥਾਂ ਉਹਨਾਂ ਦੀ ਜ਼ਿੰਦਗੀ ਨੂੰ ਰਾਖ ਦੀ ਢੇਰੀ ਬਣਾ ਦਿੱਤਾ। ਇਹ ਦੂਸਰਾ ਕਾਲਾ ਦੌਰ ਸੀ ਜਿਸ ਨੇ ਪੰਜਾਬ ਦੇ ਹਰ ਮਾਪਿਆ ਦੇ ਮੱਥਿਆਂ ਤੇ ਫਿਕਰਾਂ ਦੀ ਤ੍ਰਿਸ਼ੂਲ ਖੜ੍ਹੀ ਕਰ ਦਿੱਤੀ। ਉਹ ਨਿਹੱਥੇ ਸਨ ਤੇ ਨਸ਼ਿਆਂ ਦੇ ਵਣਜ ਵਿੱਚ ਹੁਕਮਰਾਨਾਂ ਦੀ ਉੱਚ ਅਧਿਕਾਰੀਆਂ ਨਾਲ ਜੋਟੀ ਪਾ ਕੇ ਧੜੱਲੇ ਨਾਲ ਇਹ ਤਜ਼ਾਰਤ ਕੀਤੀ ਜਿੰਨਾਂ ਡਰ ਅਤੇ ਸਹਿਮ ਪੈਦਾ ਕੀਤਾ ਅਤੇ ਆਪਣੇ ਪੁੱਤਰਾਂ ਨੂੰ ਨਸ਼ਿਆਂ ਤੋਂ ਹਕੂਮਤੀ ਤਸ਼ੱਦਦ ਤੋਂ ਬਚਾਉਣ ਲਈ ਪ੍ਰਵਾਸ ਦਾ ਰਾਹ ਠੀਕ ਲੱਗਿਆ। ਇਹ ਰੁਝਾਨ ਜ਼ੁਰਬਾਂ ਲੈਣ ਲੱਗਾ ਤਾਂ ਪੱਛਮੀ ਮੁਲਕਾਂ ਨੇ ਆਪਣੀ ਸਿੱਖਿਆ ਪ੍ਰਣਾਲੀ ਨੂੰ ਤਜ਼ਾਰਤੀ ਰੂਪ ਵਿੱਚ ਪੇਸ਼ ਕੀਤਾ। ਪੰਜਾਬ ਦੇ ਲਿਆਕਤ ਵੰਡਣ ਵਾਲੇ ਕਾਲਜ ਬੰਦ ਹੋ ਗਏ ਅਤੇ ਪੰਜਾਬ ਵਿੱਚ ਅੰਗਰੇਜ਼ੀ ਸਿਖਾਉਣ ਵਾਲੇ ਆਈਲੈਟਸ ਕੇਂਦਰ ਧੜਾ ਧੜ ਖੁੱਲ੍ਹਣ ਲੱਗੇ। ਮਾਂ ਬੋਲੀ ਪੰਜਾਬੀ ਦਾਅ ਤੇ ਲਗਾ ਦਿੱਤੀ ਗਈ। ਅਸੀਂ ਭੁੱਲ ਗਏ ਕਿ ਸਾਡਾ ਗੁਆਂਢੀ ਮੁਲਕ ਬੰਗਲਾ ਦੇਸ਼ ਆਪਣੀ ਮਾਂ ਬੋਲੀ ਦੀ ਰੱਖਿਆ ਲਈ ਹੋਂਦ ਵਿੱਚ ਆਇਆ ਸੀ। ਜਦੋਂ 1970 ਦੇ ਵਿੱਚ ਪਾਕਿਸਤਾਨ ਨੇ ਉਰਦੂ ਬੋਲੀ ਨੂੰ ਬੰਗਲਾ ਬੋਲੀ ਤੇ ਲਾਗੂ ਕੀਤੀ। ਇਸ ਖਿਲਾਫ ਮੁਜਾਹਰੇ ਵਿੱਚ ਕਈ ਵਿਦਿਆਰਥੀ ਪੁਲੀਸ ਗੋਲੀ ਦਾ ਸ਼ਿਕਾਰ ਹੋ ਕੇ ਸ਼ਹੀਦ ਹੋਏ, ਜ਼ਖਮੀ ਹੋਏ। ਪਰ 1971 ਵਿੱਚ ਉਹਨਾਂ ਆਪਣੀ ਮਾਂ ਬੋਲੀ ਦੀ ਪ੍ਰਤੀਨਿਧਤਾਂ ਲਈ ਸ਼ੇਖ ਮਜੀਬ ਰਹਿਮਾਨ ਦੀ ਅਗਵਾਈ ਹੇਠ ਬੰਗਲਾ ਦੇਸ਼ ਦੀ ਬੁਨਿਆਦ ਰੱਖੀ। ਭਾਰਤ ਨੇ ਮਦਦ ਕੀਤੀ ਅਤੇ ਪਾਕਿਸਤਾਨ ਦੇ 90 ਲੱਖ ਫੌਜੀਆਂ ਨੂੰ ਜਦੋਂ ਨਿਆਜੀ ਨੇ ਜਗਜੀਤ ਅਰੋੜਾ ਅੱਗੇ ਸਮਰਪਣ ਕੀਤਾ ਸੀ ਅਤੇ ਭਾਰਤ ਨੇ ਇਹ ਬੋਝ ਝੱਲਿਆ ਸੀ। ਬੜੇ ਦੁੱਖ ਦੀ ਗੱਲ ਐ ਕਿ ਪੰਜਾਬ ਵਿੱਚ ਤਾਂ ਪੰਜਾਬੀ ਮਾਂ ਬੋਲੀ ਨੂੰ ਨੁਕਰੇ ਲਾਉਣ ਲਈ ਪਿੰਡਾਂ ਦੀਆਂ ਗਲੀਆਂ ਗਲੀਆਂ ਵਿੱਚ ਆਈਲੈਟਸ ਸੈਂਟਰ ਖੁੱਲ੍ਹ ਗਏ। ਜਿਨ੍ਹਾਂ ਨੇ ਕਿ ਪੰਜਾਬੀ ਮਾਂ ਬੋਲੀ ਦੀ ਥਾਂ ਅੰਗਰੇਜ਼ੀ ਨੂੰ ਆਪਣੀ ਕਲਗੀ ਬਣਾ ਲਿਆ ਅਤੇ ਆਈਲੈਟਸ ਨੂੰ ਹੀ ਪੀ.ਐਚ.ਡੀ ਸਮਝਣ ਲੱਗੇ। ਅੱਜ ਦੇ ਨੌਜਵਾਨਾਂ ਨੇ ਬੰਗਲਾ ਦੇਸ਼ ਤੋਂ ਵੀ ਆਪਣੀ ਮਾਂ ਬੋਲੀ ਲਈ ਸਬਕ ਨਹੀਂ ਸਿੱਖਿਆ।

ਜੇ ਕਿਸੇ ਮਹਾਨਗਰ ਵਿੱਚ 4 ਕਾਲਜ ਸਨ ਜਾਂ ਯੂਨੀਵਰਸਿਟੀ ਵੀ ਸੀ ਉੱਥੇ 10,000 ਆਈਲੈਟਸ ਸੈਂਟਰ ਘਰਾਂ ਦੇ ਚੁਬਾਰਿਆਂ ਨੂੰ ਕਾਲਜ ਬਣਾਉਣ ਲੱਗੇ। ਹੁਣ ਪੀ.ਟੀ.ਯੂ ਦੇ ਪ੍ਰਾਈਵੇਟ ਕਾਲਜਾਂ ਵਿੱਚ ਏਹਨਾਂ ਆਈਲੈਟਸ ਸੈਂਟਰਾਂ ਵਿੱਚ ਵੀ ਰਾਜਸੀ ਲੋਕਾਂ ਦੀ, ਹੁਕਮਰਾਨਾਂ, ਅਫਸਰਾਂ ਤੇ ਬਾਬਿਆਂ ਦੀ ਵੀ ਹਿੱਸੇਦਾਰੀ ਪੈ ਗਈ। ਪਹਿਲਾਂ ਆਈਲੈਟਸ ਸੈਂਟਰਾਂ ਦੀਆਂ ਮੋਟੀਆਂ ਫੀਸਾਂ ਅਤੇ ਕੈਨੇਡਾ, ਇੰਗਲੈਂਡ, ਆਸਟਰੇਲੀਆ ਤੇ ਹੋਰ ਮੁਲਕਾਂ ਦੀ ਸਾਡੇ ਦੇਸ਼ ਦੇ ਵਿਦਿਆਰਥੀਆਂ ਤੋਂ ਵਸੂਲੀ ਜਾਂਦੀ ਦੁੱਗਣੀ ਫੀਸ ਉਹਨਾਂ ਦੀ ਆਰਥਿਕਤਾ ਨੂੰ ਮਜਬੂਤ ਕਰਨ ਲੱਗੀ ਕਿਉਂਕਿ ਉਹਨਾਂ ਨੇ ਆਪਣੀ ਸਿੱਖਿਆ ਨੂੰ ਇੱਕ ਉਦਯੋਗ ਬਣਾ ਲਿਆ ਸੀ ਅਤੇ ਬਦਲੇ ਵਿੱਚ ਪੜ੍ਹਾਈ ਤੋਂ ਬਾਅਦ ਕੁਝ ਘੰਟਿਆਂ ਦੇ ਕੰਮ ਦੇ ਕੇ ਸਾਡੇ ਵਿਦਿਆਰਥੀ ਪੁੱਤਰ ਉਹਨਾਂ ਮੁਲਕਾਂ ਲਈ ਸਸਤੇ ਮਜ਼ਦੂਰ ਬਣ ਗਏ। ਇਹ ਦੋਹਰੀ ਲੁੱਟ ਦਾ ਦੌਰ ਸੀ। ਜਿਸ ਨੂੰ ਮਾਪੇ ਪੁੱਤਰ ਨੂੰ ਕੰਮ ਜਾਂ ਪੀ.ਆਰ. ਮਿਲਣ ਦੀ ਆਸ ਵਿੱਚ ਸਬਰ ਦੇ ਘੁੱਟ ਵਾਂਗ ਪੀਣ ਲੱਗੇ। ਇਸ ਤਰ੍ਹਾਂ ਪੰਜਾਬ ਵਿੱਚੋਂ ਹਰ ਰੋਜ਼ 6,000/- ਟੈਕਸੀ ਏਅਰਪੋਰਟ ਵੱਲ ਜਾਣ ਲੱਗੀ ਅਤੇ 68,000 ਕਰੋੜ ਰੁਪਈਆ ਪੰਜਾਬ 'ਚੋਂ ਜ਼ਮੀਨਾਂ ਵੇਚ ਕੇ ਫੀਸਾਂ ਦੇ ਰੂਪ ਵਿੱਚ ਜਾਣ ਲੱਗਾ। ਇਸ ਰੁਝਾਨ ਵਿੱਚ ਸਾਡਾ ਵਿਰਾਸਤੀ ਕਿਰਦਾਰ ਐਨਾ ਨਿੱਘਰ ਗਿਆ ਕਿ ਅਸੀਂ ਆਪਣੀਆਂ ਵੀਹ ਬਾਈ ਸਾਲ ਦੀਆਂ ਮੁਟਿਆਰ ਇੱਜ਼ਤਾਂ ਨੂੰ ਵੀ ਏਹਨਾਂ ਔਝੜ ਰਾਹਾਂ ਦੇ ਪਾਂਧੀ ਬਣਾ ਕੇ ਦਾਅ ਤੇ ਲਾ ਕੇ ਭੁੱਲ ਗਏ ਕਿ ਸਾਡੀਆਂ ਧੀਆਂ ਇਕੱਲੀਆਂ ਕਿਵੇਂ ਰਹਿਣਗੀਆਂ? ਪਰ ਆਈਲੈਟਸ ਕੇਂਦਰ ਨੇ ਉਹਨਾਂ ਨੂੰ ਵੀ ਪਾਟੀਆਂ ਜੀਨਾਂ ਅਤੇ ਟਾਪ ਨੇ ਏਥੇ ਹੀ ਵਿਦੇਸ਼ੀ ਪਹਿਰਾਵੇ ਦੀ ਦਿੱਖ ਨੂੰ ਪ੍ਰਵਾਨ ਕਰਨ ਦੇ ਆਦੀ ਬਣਾ ਦਿੱਤਾ। ਇਸ ਤੋਂ ਪਹਿਲਾ 1974 ਦਾ ਦੌਰ ਸੀ ਕਿ ਵਿਦੇਸ਼ੀ ਲਾੜਾ 52-54 ਸਾਲ ਦਾ ਹੁੰਦਾ ਸੀ ਅਤੇ ਧੀ 18-20 ਸਾਲ ਦੀ ਹੁੰਦੀ ਸੀ ਜਿਸ ਦਾ ਵਿਦੇਸ਼ ਦੀ ਹੋੜ ਵਿੱਚ ਇਸ ਬੇਜੋੜ ਵਿਆਹ ਤੇ ਵੀ ਸਮਾਜ ਕੁੜੀ ਨੂੰ ਕਰਮਾਂ ਵਾਲੀ ਸਮਝਦਾ ਸੀ। ਇੱਕਵੀਂ ਸਦੀ ਵਿੱਚ ਸਰਕਾਰਾਂ ਨੌਜਵਾਨਾਂ ਨੂੰ ਪਬਲਿਕ ਸੈਕਟਰ ਤੋਂ ਹੱਥ ਖਿੱਚ ਕੇ ਬੇਰੁਜ਼ਗਾਰੀ ਨੂੰ ਸਮੇਟਣ ਲਈ ਇਸ ਰੁਝਾਨ ਨੂੰ ਬਿੱਲੀ ਦੇ ਭਾਗੀ ਛਿੱਕੂ ਟੁੱਟਾ ਵਾਂਗ ਬੇਫਿਕਰ ਕਰ ਦਿੱਤਾ ਕਿਉਕਿ ਹੁਣ ਬੱਝਵੇਂ ਲੋਕ ਰੋਹ ਤੋਂ ਮੈਦਾਨ ਖਾਲੀ ਹੋ ਰਿਹਾ ਸੀ।

ਜੋ ਨੌਜਵਾਨ ਆਈਲੈਟਸ ਜਾਂ ਹੋਰ ਕਿਸੇ ਹੁਨਰ ਤੋਂ ਰਹਿਤ ਸਨ ਜਾਂ ਗਰੀਬ ਸਨ ਉਹਨਾਂ ਨੇ ਚੋਰੀ ਦਾ ਰਾਹ ਅਪਨਾ ਲਿਆ ਅਤੇ ਏਜੰਟ ਉਹਨਾਂ ਨੂੰ ਲੱਖਾਂ ਰੁਪਈਆ ਲੈ ਕੇ ਮੈਕਸੀਕੋ ਦੀ 35 ਫੁੱਟ ਉੱਚੀ ਕੰਧ ਤੱਕ ਪਹੁੰਚਾਉਣ ਲਈ ਖ਼ਤਰਿਆਂ ਭਰਿਆ ਪੰਧ ਤੈਅ ਕਰਵਾ ਕੇ ਉੱਥੋਂ ਤੱਕ ਪਹੁੰਚਾਉਣ ਲੱਗੇ ਅਤੇ ਬਹੁਤੇ ਬੱਚੇ ਗੁਮਨਾਮ ਮੌਤ ਮਰ ਗਏ। ਲੋਕ ਖੁਦ ਏਜੰਟਾਂ ਕੋਲ ਆਪਣੇ ਬੱਚਿਆਂ ਲਈ ਉਹਨਾਂ ਕੋਲ ਜਾ ਕੇ ਖੁਦ ਆਪਣੇ ਮੂੰਹੋਂ ਬੋਲ ਕੇ "ਕਿ ਯਾਰ ਕਿਸੇ ਵੀ ਤਰ੍ਹਾਂ ਕੈਨੇਡਾ, ਅਮਰੀਕਾ, ਆਸਟਰੇਲੀਆ ਪਹੁੰਚਾ ਦੇਵੇ" ਤਾਂ ਇਸ ਕਾਲੇ ਵਣਜ ਦੇ ਥੋਕ ਵਪਾਰੀ 30 ਤੋਂ ਪੰਜਾਹ ਲੱਖ ਲੈ ਕੇ ਗਲਤ ਦਸਤਾਵੇਜ਼ਾਂ ਦੇ ਅਧਾਰ ਤੇ ਸੰਘਣੇ ਜੰਗਲਾਂ, ਕੰਡਿਆਲੀਆਂ ਤਾਰਾਂ, ਚਿੱਕੜ ਭਰੇ ਰਸਤਿਆਂ ਤੋਂ ਦੀ ਮੈਕਸੀਕੋ ਦੀ ਕੰਧ ਟਪਾਉਣ ਲੱਗੇ ਅਗਾਂਹ ਇਸ ਖੁਦ ਸਹੇੜੀ ਯਲਾਵਤਨੀ ਵਾਲੇ ਨਾਲ ਜਿਵੇਂ ਮਰਜੀ ਹੋਵੇ ਏਜੰਟਾਂ ਆਪਣੇ ਪੈਸੇ ਖਰੇ ਕਰਨ ਲੱਗੇ। ਪੂਰੇ ਪੰਦਰਾਂ ਵੀਹ ਸਾਲ ਇਸ ਰੁਝਾਨ ਨੇ ਪੰਜਾਬ ਦੀਆਂ ਗਲੀਆਂ ਕਾਲੇ ਦੌਰ ਵਾਂਗ ਜੁਆਨੀ ਤੋਂ ਸੱਖਣੀਆਂ ਕਰ ਦਿੱਤੀਆਂ। ਵਿਸ਼ਵ ਵਪਾਰ ਸੰਸਥਾ ਅਤੇ ਵਿਸ਼ਵੀਕਰਨ ਦੇ ਰੁਝਾਨ ਨੇ ਗੈਰਤ ਨਾਲ ਲੜਨ ਵਾਲੇ ਲੋਕਾਂ ਦੀ ਗਿਣਤੀ ਨੂੰ ਲੱਖਾਂ ਤੋਂ ਸੈਂਕੜਿਆਂ ਵਿੱਚ ਤਬਦੀਲ ਕਰ ਦਿੱਤਾ। ਜਿਸ ਸਦਕਾ ਕਿਸੇ ਵੀ ਲੋਕ ਮਾਰੂ ਰੁਝਾਨ ਨਾਲ ਟੱਕਰ ਲੈਣਾ ਪਹਾੜ ਨਾਲ ਟੱਕਰਾਂ ਮਾਰਨ ਦੇ ਬਰਾਬਰ ਹੋ ਗਿਆ। ਲਿਆਕਤ, ਸਲੀਕਾ, ਸਿਧਾਂਤ ਸੂਝ ਬੂਝ ਖੰਭ ਲਗਾ ਕੇ ਉੱਡ ਗਈ। ਪੰਜਾਬੀ ਵਿੱਚ ਅਖਾਣ ਹੈ ਕਿ "ਜਿਹੜੇ ਰੋਗ ਨਾਲ ਬੱਕਰੀ ਮਰ ਗਈ ਓਹੀ ਰੋਗ ਪਠੋਰੇ ਨੂੰ" ਜਿਸ ਰੋਗ ਨਾਲ ਪੰਜਾਬ ਦੀ ਵਿਰਾਸਤ ਦੀ ਪਛਾਣ ਦੇ ਖੰਡਰ ਬਣਦੇ ਗਏ। ਵਿਰਾਸਤੀ ਕਿਰਦਾਰ ਦੀ ਬੁਨਿਆਦ ਬੌਧਿਕ ਚੇਤਨਤਾ ਹੁੰਦੀ ਹੈ। ਜਿਸ ਨੂੰ ਹੁਕਮਰਾਨਾਂ ਨੇ ਭੜਕੀਲੇ ਹਥਿਆਰਾਂ ਦੇ ਵੈਲਪੁਣੇ ਵਾਲੇ ਗੀਤਾਂ, ਨਸ਼ਿਆਂ, ਗੈਂਗਸਟਰਾਂ ਦੇ ਹਥੋੜਿਆਂ ਨਾਲ ਢਹਿ ਢੇਰੀ ਕਰ ਦਿੱਤਾ ਸੀ। ਪ੍ਰਦੇਸ਼ਾਂ ਦਾ ਆਪਣਾ ਵਿਚਰਨ ਢੰਗ ਹੈ ਅਤੇ ਇਸ ਤੋਂ ਅਣਭਿੱਜ ਖਾਂਦੇ ਪੀਦੇ ਘਰਾਂ ਦੇ ਉਹ ਨੌਜਵਾਨ ਜਿਨ੍ਹਾਂ ਨੂੰ ਏਥੇ ਵੀ ਬੁਨਿਆਦੀ ਲੋੜਾਂ ਦੀ ਪੂਰਤੀ ਦਾ ਘਾਟਾ ਨਹੀਂ ਸੀ ਉਹ ਵਿਦੇਸ਼ਾਂ ਵਿੱਚ ਜਾ ਕੇ ਹੁੱਲੜਬਾਜ਼ੀ ਕਰਨ ਲੱਗੇ, ਆਪਸੀ ਧੜਿਆਂ ਦਾ ਦੂਜੇ ਧੜਿਆਂ ਨਾਲ ਡਾਂਗਾ ਸੋਟਿਆਂ ਗਾਲੀ ਗਲੋਚ ਕਰਦੇ ਸਮੇਂ ਚੀਕਣਾਂ, ਗੱਡੀਆਂ ਵਿੱਚ ਚੱਕਵੇਂ ਤੇ ਗੁੰਮਰਾਹ ਕਰਨ ਵਾਲੇ ਗੀਤਾਂ ਦੀਆਂ ਉਚੀਆਂ ਅਵਾਜ਼ਾਂ ਨੇ ਉਹਨਾਂ ਲੋਕਾਂ ਨੇ ਸਾਡੇ ਤੇ ਜਾਂਗਲੀ ਅਤੇ ਅਸੱਭਿਅਤ ਹੋਣ ਦਾ ਠੱਪਾ ਲਗਾ ਦਿੱਤਾ ਕਿਉਕਿ ਆਈਲੈਟਸ ਨੇ ਅੰਗਰੇਜ਼ੀ ਤਾਂ ਸਿਖਾਈ ਪਰ ਉਹ ਲੋਕ ਕਿਸ ਤਰ੍ਹਾਂ ਸੱਭਿਅਕ ਢੰਗ ਨਾਲ ਰਹਿੰਦੇ ਹਨ ਇਹ ਨਹੀਂ ਸਿਖਾਇਆ ਕਿ ਓਥੇ ਜਾ ਕੇ ਰਹਿਣਾ ਕਿਵੇਂ ਹੈ, ਬੋਲਣਾ ਕਿਵੇਂ ਹੈ? ਤਾਂ ਜੋ ਉਹ ਲੋਕ ਸਾਨੂੰ ਸੱਭਿਅਕ ਨਾਗਰਿਕ ਦੇ ਤੌਰ ਤੇ ਸਤਿਕਾਰ ਦਿੰਦੇ। ਪਰ ਹੁੱਲੜਬਾਜ਼ੀ ਨੇ ਸਾਨੂੰ ਇਹਨਾਂ ਮੁਲਕਾਂ ਵਿੱਚ ਉਜੱਡ ਕੌਮ ਬਣਾ ਦਿੱਤਾ। ਉਹਨਾਂ ਦੇਸ਼ ਦੇ ਮੂਲ ਵਸੀਦਿੰਆਂ ਨੂੰ ਸਾਡੇ ਨੌਜਵਾਨਾਂ ਖਾਸ ਕਰਕੇ ਪੰਜਾਬੀਆਂ ਜਿਨ੍ਹਾਂ ਦੇ ਸਿਰ ਇਹ ਸਾਰਾ ਇਲਜਾਮ ਆ ਗਿਆ ਹੈ ਕਿ ਉਹਨਾਂ ਦੀ ਬਦੌਲਤ ਹੀ ਇਹਨਾਂ ਨੇ ਆਪ ਮੁਹਾਰੇ ਹੋ ਕੇ ਚੋਰੀਆਂ, ਕਤਲ, ਲੁੱਟਮਾਰ ਨੇ ਉਥੋਂ ਦੇ ਮੂਲ ਵਾਸੀਆਂ ਦੇ ਸਮਾਜਿਕ ਜੀਵਨ ਨੂੰ ਵਲੂੰਧਰਿਆ। ਇਸਨੇ ਵੀ ਪੱਛਮੀ ਮੁਲਕਾਂ ਦੀਆਂ ਸਲੀਕਾ ਯਾਫਤਾ ਹੁਕਮਰਾਨਾਂ ਨੂੰ ਖਹਿੜਾ ਛੁਡਾਉਣ ਦਾ ਰਾਹ ਪੱਧਰਾ ਕੀਤਾ। ਅੱਜ ਜਦੋਂ ਡੋਨਾਲਡ ਟਰੰਪ ਨੇ ਇੰਜ ਕੀਤਾ ਹੈ ਤਾਂ ਉਸਨੇ ਬੜੇ ਸ਼ਾਤਰਾਨਾ ਢੰਗ ਨਾਲ ਕਿਹਾ ਹੈ ਕਿ ਇਹ ਸਾਡੇ ਮੁਲਕ ਦੀ ਕੰਧ ਟੱਪ ਕੇ ਦਾਖਲ ਹੋਣ ਵਾਲੇ ਚੋਰ ਹਨ। ਉਪਰੋਕਤ ਕਾਰਨਾਂ ਨੂੰ ਨਜ਼ਰ ਅੰਦਾਜ਼ ਕਰਕੇ ਜਜ਼ਬਾਤੀ ਹੋ ਕੇ ਹਮਦਰਦੀ ਕਰਨਾ ਕਿ ਇਹ ਤਾਂ 50 ਲੱਖ ਲਗਾ ਕੇ ਭੇਜਿਆ ਸੀ। ਏਜੰਟ ਠੱਗੀ ਮਾਰ ਗਿਆ। ਘਰ ਪੱਟਿਆ ਗਿਆ ਆਦਿ ਆਦਿ। ਦੋਵੇਂ ਹੀ ਹਾਂ ਪੱਖੀ ਤੇ ਨਾਂਹ ਪੱਖੀ ਦਲੀਲਾਂ ਇੱਕ ਗੁੱਸਾ ਪੈਦਾ ਕਰਦੀਆਂ ਹਨ ਅਤੇ ਦੂਸਰੀ ਆਪਣੇ ਹੀ ਗਿਰੇਬਾਨ ਮੇਂ ਸਿਰ ਨੀਵਾ ਕਰ ਦੇਖ ਇਸ ਗੁੱਸੇ ਤੇ ਠੰਡਾ ਛਿੱਟਾ ਮਾਰਦੀ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਕਿੱਥੇ ਥਿੜਕ ਗਏ? ਅਸੀ ਆਪਣੇ ਦੇਸ਼ ਦੇ ਸਵੈਮਾਣ ਵਾਲੇ ਵਸਿੰਦੇ ਹਾਂ। ਮਾਪਿਆਂ ਦੀਆਂ ਆਸਾਂ ਦਾ ਭਵਿੱਖ ਹਾਂ। ਜਿਸ ਨੂੰ ਅਸੀਂ ਉੱਚ ਵਿਦਿਆ, ਸਲੀਕਾ ਅਤੇ ਮਨੁੱਖੀ ਗੁਣਾਂ ਤੋਂ ਵਾਂਝੇ ਹੋ ਕੇ ਆਪਣੀ ਕਾਬਲੀਅਤ ਪੈਦਾ ਨਹੀਂ ਕਰ ਸਕੇ। ਜਿਸਨੂੰ ਗੰਦੇ ਗੀਤਾਂ, ਨਸ਼ਿਆਂ ਅਤੇ ਆਪ ਮੁਹਾਰੇਪਣ ਨੇ ਇੱਕ ਰੀਸ ਨੇ ਕਿ ਫਲਾਣਾ ਚਲਾ ਗਿਆ ਮੈਂ ਕਿਉਂ ਪਿੱਛੇ ਰਹਾਂ? ਦੀ ਭੇਡ ਚਾਲ ਨੇ ਬੌਧਿਕ ਚੇਤਨਤਾਂ ਤੋਂ ਲਾਂਭੇ ਕਰ ਦਿੱਤਾ। ਪਰ ਅਸੀਂ ਏਥੇ ਆਪਣੀ ਕਾਬਲੀਅਤ ਮੁਤਾਬਕ ਸਮੇਂ ਦੀਆਂ ਹਕੂਮਤਾਂ ਦੀ ਬੇਇਨਸਾਫੀ ਦਾ ਵਿਰੋਧ ਕਰਨਾ ਭੁੱਲ ਗਏ ਅਤੇ ਸਰਕਾਰਾਂ ਨਾਲ ਆਪਣੇ ਹੱਕਾਂ ਲਈ ਰੁਜ਼ਗਾਰ ਲਈ ਬੱਝਵੀਂ ਲੜਾਈ ਨਹੀਂ ਦੇ ਸਕੇ ਕਿਉਂਕਿ ਅਸੀਂ ਆਪਣੇ ਮੂਲ ਚੰਗੇ ਸਾਹਿਤ ਨਾਲੋਂ ਟੁੱਟ ਕੇ ਕੁਰਾਹੇ ਪਾਉਣ ਵਾਲੇ ਗੀਤਾਂ ਵਰਗੇ ਬਣਨਾਂ ਪਸੰਦ ਕਰ ਲਿਆ। ਇੱਥੇ ਰਹਿ ਗਏ ਪੜ੍ਹੇ ਲਿਖੇ ਅਤੇ ਕਾਬਲੀਅਤ ਯਾਫਤਾ ਨੌਜਵਾਨਾਂ ਨੂੰ ਜੋ ਕਿ ਸਰਕਾਰਾਂ ਨੇ ਘੱਟ

-ਗੁਰਮੇਲ ਸਿੰਘ ਬੌਡੇ
ਸਾਹਿਤਕ ਸਲਾਹਕਾਰ: ਮਹਿਕ ਵਤਨ ਦੀ ਲਾਈਵ
Ph.98143-04213
E-Mail: dhaliwal.gurmelbaude@gmail.com



ਗਿਣਤੀ ਹੋਣ ਕਰਕੇ ਉਹਨਾਂ ਦੀ ਕਾਬਲੀਅਤ ਨੂੰ ਮਾਮੂਲੀ ਉਜਰਤਾਂ ਠੇਕਾ ਪ੍ਰਣਾਲੀ (ਕੰਟਰੈਕਟ ਬੇਸ) ਦੇ ਪਿੰਜਰੇ ਵਿੱਚ ਪਾ ਲਿਆ ਗਿਆ। ਸਰਕਾਰਾਂ ਦੀ ਚੋਣ ਕਰਦੇ ਸਮੇਂ ਅਸੀਂ ਸਿਰਫ ਦਾਰੂ ਦੀ ਬੋਤਲ ਖਾਤਰ ਵੋਟ ਬਣ ਕੇ ਰਹਿ ਗਏ ਤੇ ਹੁਕਮਰਾਨ ਇਸ ਸੌਦੇ ਰਾਹੀਂ ਆਪਣੇ ਘਰ ਭਰਨ ਲੱਗ ਪਏ। ਸਾਡੀ ਨੌਜਵਾਨੀ ਵਿੱਚ ਇੱਕ ਖਿੱਝ ਗੁੱਸਾ, ਲੜਾਈ ਕਲੇਸ਼, ਨਸ਼ਾ ਤੇ ਅਖੀਰ ਖੁਦਕਸ਼ੀ ਰਹਿ ਗਈ।

ਹੁਣ ਡੋਨਾਲਡ ਟਰੰਪ ਦੇ ਇਸ ਕਦਮ ਤੋਂ ਬਾਅਦ ਦੂਸਰੇ ਪੱਛਮੀ ਦੇਸ਼ਾ ਵਿੱਚੋਂ ਨਜਾਇਜ਼ ਢੰਗ ਨਾਲ ਦਾਖਲਾ, ਪੜ੍ਹਾਈ ਕਰਕੇ ਉਥੇ ਪੀ.ਆਰ. ਜਾਂ ਵਰਕ ਪਰਮਟ ਲੈਣ ਦੇ ਭਵਿੱਖ ਤੇ ਸਵਾਲ ਲਗਾ ਦਿੱਤਾ ਹੈ। ਏਥੇ ਤਾਂ ਹੁਣ ਆਈਲੈਟਸ ਵਾਲੇ ਆਪਣਾ ਬੋਰੀਆ ਬਿਸਤਰਾ ਲਪੇਟ ਕੇ ਅਰਬਾਂ ਕਮਾ ਕੇ ਸੈਂਟਰ ਬੰਦ ਕਰ ਚੁੱਕੇ ਹਨ। ਦੂਸਰੇ ਪਾਸੇ ਇੰਗਲੈਂਡ, ਕੈਨੇਡਾ ਅਤੇ ਹੋਰ ਮੁਲਕਾਂ ਵਿੱਚੋਂ ਇਸ ਤਰ੍ਹਾਂ ਸਾਡੇ ਪੰਜਾਬੀਆਂ ਨੂੰ ਮੁਜਰਮਾਂ ਵਾਂਗ ਭੇਜਿਆ ਜਾਵੇਗਾ ਤੇ ਇਹ ਕਵਾਇਦ ਹੁਣ ਸ਼ੁਰੂ ਹੋ ਚੁੱਕੀ ਹੈ। ਜੇ ਸਾਡੇ ਮੁਲਕ ਵਿੱਚ ਹੀ ਸਾਨੂੰ ਸ਼ਾਨਦਾਰ ਰੁਜ਼ਗਾਰ ਮਿਲਦਾ ਤਾਂ ਇਹ ਜਿੱਲਤ ਪੈਦਾ ਨਹੀਂ ਸੀ ਹੋਣੀ। ਸਾਡੇ ਪੈਰਾਂ ਤੇ ਦੋ ਕੁਹਾੜੇ ਵੱਜੇ ਹਨ ਇੱਕ ਤਾਂ ਅਸੀਂ ਆਪਣੇ ਪੈਰਾਂ ਤੇ ਖੁਦ ਆਪਣੇ ਪੈਰਾਂ ਤੇ ਆਪਣੀਆਂ ਉਜੱਡ ਆਦਤਾਂ ਕਾਰਨ ਮਾਰਿਆ ਹੈ ਅਤੇ ਦੂਸਰਾ ਇਸ ਦੀ ਆੜ ਵਿੱਚ ਉਥੋਂ ਦੀਆਂ ਸਰਕਾਰਾਂ ਨੇ ਡੀਪੋਰਟੇਸ਼ਨ ਦਾ ਕੁਹਾੜਾ ਮਾਰਿਆ ਹੈ ਜਿਸ ਦਾ ਦਸਤਾ ਅਸੀਂ ਆਪ ਬਣ ਗਏ। 6-7 ਬੈਂਡ ਜ਼ਰੂਰ ਲੈ ਲਏ ਪਰ ਉਹਨਾਂ ਮੁਲਕਾਂ ਦਾ ਸਿਸਟਮ ਅਤੇ ਵਿਚਰਨ ਢੰਗ ਤੋਂ ਅਣਜਾਣ ਰਹੇ। ਜੇ ਇਹ ਨੌਜਵਾਨ ਕਿਸੇ ਬੌਧਿਕ ਚੇਤਨਤਾ, ਜ਼ਿੰਦਗੀ ਦੇ ਚੱਜ ਅਤੇ ਬੌਧਿਕ ਬੁਲੰਦੀ ਤੇ ਹੁੰਦੇ ਤਾਂ ਏਹਨਾਂ ਦੇ ਮਨ ਘਰੋਂ ਬੇਘਰ ਕਰਨ ਵਾਲੀਆਂ ਹਾਲਤਾਂ ਤੇ ਸਿਸਟਮ ਤੇ ਵਿਚਾਰ ਕਰਕੇ ਪਰਤਣਾ ਸੀ। ਜਿਵੇਂ ਕਿ 110 ਸਾਲ ਪਹਿਲਾ ਸਾਡੇ ਗਦਰੀ ਬਾਬੇ ਪਹੁੰਚੇ ਸਨ। ਉਹਨਾਂ ਨੇ ਵੀ ਰੁਜ਼ਗਾਰ ਲਈ ਕੈਨੇਡਾ ਜਾਣਾ ਸੀ। ਕੈਨੇਡਾ ਦੀ ਸ਼ਰਤ ਸੀ ਕਿ ਤੁਸੀਂ ਸਿੱਧਾ ਸਮੁੰਦਰੀ ਜਹਾਜ਼ ਲੈ ਕੇ ਬਿਨਾਂ ਕਿਤੇ ਰੁਕਿਆਂ ਬੰਦਰਗਾਹ ਤੇ ਆਓ ਤਾਂ ਤੁਹਾਨੂੰ ਇਜਾਜ਼ਤ ਦੇ ਦੇਵਾਂਗੇ। ਬਾਬਾ ਗੁਰਦਿੱਤ ਸਿੰਘ ਨੇ ਕਾਮਾਗਾਟਾਮਾਰੂ ਜਹਾਜ਼ ਕਿਰਾਏ ਤੇ ਲਿਆ ਤੇ ਬਿਨਾ ਕਿਸੇ ਬੰਦਰਗਾਹ ਤੇ ਰੁਕੇ ਇਹ ਸ਼ਰਤ ਪੂਰੀ ਕੀਤੀ ਤਾਂ ਪੰਜਾਬੀ ਭਾਈਚਾਰੇ ਦੀਆਂ ਬੇਨਤੀਆਂ ਦੇ ਬਾਵਜੂਦ ਵੀ ਜਹਾਜ਼ ਕਈ ਮਹੀਨੇ ਖੜ੍ਹਾ ਰਿਹਾ ਪਰ ਕੈਨੇਡਾ ਸਰਕਾਰ ਦੇ ਅੰਗਰੇਜ਼ ਆਪਣੇ ਵਾਅਦੇ ਤੋਂ ਮੁੱਕਰ ਗਏ ਕਿਉਂਕਿ 1860 ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਾਹਨ ਮੈਕਡਾਨਲਡ ਨੇ ਕਿਹਾ ਸੀ ਕਿ "ਅਸੀਂ ਕੈਨੇਡਾ ਨੂੰ ਅੰਗਰੇਜ਼ਾਂ ਦਾ ਮੁਲਕ ਬਣਾਉਣਾ ਚਾਹੁੰਦੇ ਹਾਂ " ਭਾਵੇਂ ਕਿ ਇਸ ਮਕਸਦ ਲਈ ਉਹਨਾਂ ਨੇ ਅਮਰੀਕਾ ਵਾਂਗ ਹੀ ਰੈਡ ਇੰਡੀਅਨ ਜੋ ਉੱਥੋਂ ਦੇ ਮੂਲ ਵਾਸੀ ਸਨ ਨੂੰ ਤਸੀਹੇ ਦੇ ਕੇ ਬੰਧਕ ਬਣਾ ਕੇ ਕੈਨੇਡਾ ਹਾਸਲ ਕੀਤੀ ਸੀ। ਜਿਵੇਂ ਕਿ ਆਰੀਅਨ ਲੋਕਾਂ ਨੇ ਭਾਰਤ ਦੇ ਮੂਲ ਵਾਸੀ ਦਰਾਵੜਾ ਨਾਲ ਕੀਤਾ ਸੀ। ਜਦੋਂ ਇਹ ਜਹਾਜ਼ ਕਲਕੱਤਾ ਦੀ ਬੰਦਰਗਾਹ ਤੇ ਪੁੱਜਿਆ ਤਾਂ ਅੰਗਰੇਜ਼ ਹਕੂਮਤ ਨੇ ਗੋਲੀਆਂ ਚਲਾ ਕੇ ਏਹਨਾਂ ਪੰਜਾਬੀਆਂ ਦਾ ਕਤਲ ਕੀਤਾ। ਜ਼ਖਮੀ ਕੀਤਾ ਅਤੇ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਭੇਜਿਆ। ਜੇ ਡੋਨਾਲਡ ਟਰੰਪ ਦੀ ਭਾਰਤੀਆਂ ਨਾਲ ਕੀਤੇ ਸਲੂਕ ਦੀ ਤੁਲਨਾ ਕਾਮਾਗਾਟਾ ਮਾਰੂ ਨਾਲ ਕੀਤੀ ਜਾਵੇ ਤਾਂ ਇਸ ਦੀਆਂ ਕਈ ਕੜੀਆਂ ਜੁੜਦੀਆਂ ਹਨ। ਉਹ ਕੈਨੇਡਾ ਵੱਲੋਂ ਭਾਰਤੀਆਂ ਦੀ ਤੌਹੀਨ ਸੀ ਤੇ ਹੁਣ ਸਦੀਆਂ ਬਾਅਦ ਇਹ ਤੌਹੀਨ ਟਰੰਪ ਨੇ ਕੀਤੀ ਹੈ ਪਰ ਇਸ ਵਿੱਚੋਂ ਕਰਤਾਰ ਸਿੰਘ ਸਰਾਭੇ ਵਰਗੇ ਗਦਰੀ ਪੈਦਾ ਹੋਣ ਦੀਆਂ ਭਾਵਨਾਵਾਂ ਨਾ ਮਾਤਰ ਹਨ। ਉਹ ਸਭ ਕੁਝ ਲੁੱਟਾਂ ਕੇ ਆਪਣੇ ਘਰਾਂ ਵਿੱਚ ਦੁਬਕ ਗਏ ਹਨ। ਕਈ ਮਨ ਚਲਿਆਂ ਲਈ ਮਜ਼ਾਕ ਦੇ ਪਾਤਰ ਬਣਨਗੇ। ਸਾਡੇ ਪੰਜਾਬੀਆਂ ਦੀ ਇਹ ਹੋਛੀ ਫਿਤਰਕ ਹੈ ਕਿ ਉਹ ਇਸ ਦੁਖਾਂਤ ਤੇ ਵੀ ਯੂ-ਟਿਊਬ ਤੇ ਲਤੀਫੇ ਬਣਾ ਕੇ ਮਜਾਕ ਉਡਾ ਰਹੇ ਹਨ। ਅਜਿਹੀ ਬੇਹੂਦਾ ਮਾਨਸਿਕਤਾਂ ਨੂੰ ਵੀ ਡੁੱਬ ਮਰ ਜਾਣਾ ਚਾਹੀਦਾ ਹੈ ਜਿਸ ਵਿੱਚੋਂ ਕਿ ਛੋਟੇ ਸਾਹਿਬਜ਼ਾਦੇ, ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਭਗਤ ਸਿੰਘ, ਊਧਮ ਸਿੰਘ ਦੀ ਅਣਖ ਖਤਮ ਕਰ ਲਈ ਹੈ।

ਵਰਤਮਾਨ ਸਮੇਂ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਜੀ ਅਮਰੀਕਾ ਦੇ ਦੌਰੇ ਤੇ ਹਨ ਅਤੇ ਉਹ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੁਲਾਕਾਤ ਕਰ ਰਹੇ ਹਨ ਅਤੇ ਗੈਰ ਕਾਨੂੰਨੀ ਕਰਾਰ ਦਿੱਤੇ ਭਾਰਤੀਆਂ ਨੂੰ ਵਾਪਸ ਭੇਜੇ ਜਾਣ ਦੀ ਕਾਰਵਾਈ ਨੂੰ ਉਹ ਠੀਕ ਕਹਿ ਰਹੇ ਹਨ ਅਤੇ ਅਮਰੀਕਾ ਨੂੰ ਪੂਰਨ ਸਹਿਯੋਗ ਦੇਣ ਦੀ ਗੱਲ੍ਹ ਕਹਿ ਕੇ "ਡਾਹਡੇ ਦਾ ਸੱਤੀ ਵੀਹੀਂ ਸੌ" ਵਾਂਗ ਦੇਸ਼ ਦੇ ਸਵੈਮਾਣ ਦੀ ਪੱਗ ਦਾ ਸ਼ਮਲਾ ਝੁਕਾ ਆਏ ਹਨ ਅਤੇ ਭਵਿੱਖ ਵਿੱਚ ਕਿਸੇ ਵੀ ਮਹਾਂ ਯੁੱਧ ਦੌਰਾਨ ਭਾਰਤ ਦੇ ਹਵਾਈ ਅੱਡਿਆਂ ਨੂੰ ਅਮਰੀਕਾ ਵੱਲੋਂ ਵਰਤਣ ਤੇ ਉਜ਼ਰ ਨਹੀਂ ਹੋਵੇਗਾ। ਜਦੋਂ ਕਿ ਏਨਾ ਡੀਪੋਰਟ ਕੀਤੇ ਭਾਰਤੀਆਂ ਦੀ ਹੋਣੀ ਦਾ ਅਧਾਰ ਵੀ ਦੇਸ਼ ਦਾ ਮੁੱਖੀ ਹੈ। 2014 ਵਿੱਚ ਏਹਨਾਂ ਨੇ ਹਰੇਕ ਸਾਲ ਦੋ ਕਰੋੜ ਸਰਕਾਰੀ ਨੌਕਰੀਆਂ ਦੇਣ ਦਾ, ਬੇਰੁਜ਼ਗਾਰੀ ਭੱਤਾ ਅਤੇ ਹਰੇਕ ਨਾਗਰਿਕ ਨੂੰ ਪੰਦਰ੍ਹਾਂ ਲੱਖ ਦੇਣ ਦਾ ਵਾਅਦਾ ਪੂਰਾ ਨਾਂ ਕਰ ਸਕਣ ਦਾ ਦੋਸ਼ੀ ਹੈ। ਬਾਕੀ ਗੱਲਾਂ ਛੱਡੋ ਜੇ ਪ੍ਰਧਾਨ ਮੰਤਰੀ ਜੀ ਪਿਛਲੇ ਦਸਾਂ ਸਾਲਾਂ ਵਿੱਚ ਵੀਹ ਕਰੋੜ ਨੌਜਵਾਨਾਂ ਨੂੰ ਸਵੈਮਾਣ ਭਰਿਆ ਰੁਜ਼ਗਾਰ ਦੇ ਦਿੰਦੇ ਤਾਂ ਦੇਸ਼ ਦੀ ਜਵਾਨੀ ਨੂੰ ਇੰਝ ਹੱਥ ਕੜੀਆਂ ਤੇ ਬੇੜੀਆਂ ਵਿੱਚ ਕੈਦ ਹੋ ਕੇ ਆਉਣ ਦੀ ਲੋੜ ਹੀਂ ਨਹੀਂ ਸੀ। ਨੌਜਵਾਨਾਂ ਨਾਲ ਕੀਤੇ ਯੁਮਲਿਆਂ ਦੇ ਝੂਠ ਤੇ ਖੜ੍ਹੀ ਸਰਕਾਰ ਹੈ ਕਿ ਜੋ ਕਿ ਆਪਣੀ ਜ਼ੁੰਮੇਵਾਰੀ ਤੋਂ ਭੱਜ ਰਹੀ ਹੈ। ਅੰਗਰੇਜ਼ੀ ਅਖਬਾਰ (➞9♣5) ਅਨੁਸਾਰ ਕੋਲੰਬੀਆਂ ਦੇ ਰਾਸ਼ਟਰਪਤੀ ਗੁਸਤਾਵੋ ਪੈਟਰੋ, ਬ੍ਰਾਜ਼ੀਲ ਦੇ ਮੁਖੀ ਲੂਈਜ਼ ਇਨਾਕੀਓ ਅਤੇ ਮੈਕਸੀਕੋ ਦੇ ਮੁੱਖੀ ਕੌਲਾਡੀਆ ਨੇ ਅਮਰੀਕਾ ਦੇ ਸੈਨਿਕ ਜਹਾਜ਼ ਨੂੰ ਆਪਣੇ ਹਵਾਈ ਅੱਡਿਆਂ ਤੇ ਉਤਾਰਨ ਤੋਂ ਨਾਂਹ ਕਰਕੇ ਇਸਨੂੰ ਖੋਟੀ ਚੁਆਨੀ ਵਾਂਗ ਵਾਪਸ ਭੇਜ ਕੇ ਆਪਣੇ ਰਾਸ਼ਟਰੀ ਸਵੈਮਾਣ ਨੂੰ ਕਾਇਮ ਰੱਖਿਆ। ਦੂਸਰੇ ਪਾਸੇ ਭਾਰਤ ਸਮੇਤ ਹੋਂਡਾਰੂਸ, ਗੁਆਏਟਾਮਾਲਾ ਅਤੇ ਪੀਰੂ ਆਦਿ ਵਰਗੇ ਦੇ ਹੁਕਮਰਾਨਾਂ ਪੈਤਰੋਂ ਬਵਾਰੇ, ਐਕਸੋਮਾਰਾ, ਕਾਸਟਰੋ ਵਰਗਿਆਂ ਨੇ ਵੀ ਆਪਣੇ ਹਵਾਈ ਅੱਡਿਆਂ ਤੇ ਅਮਰੀਕਾ ਦੇ ਸੈਨਿਕ ਜਹਾਜ਼ਾਂ ਨੂੰ ਉਤਰਨ ਦੀ ਇਜਾਜ਼ਤ ਦਿੱਤੀ ਸੀ। 2025 ਵਿਚ ਇਹ ਰੁਝਾਨ ਕਿਹੜੇ ਕਿਹੜੇ ਮੁਲਕਾਂ ਨੂੰ ਆਪਣੇ ਇਸ ਡੀਪੋਰਟੇਸ਼ਨ ਲਈ ਵਰਤਦਾ ਹੈ ਕੌਣ ਇਸਦਾ ਵਿਰੋਧ ਕਰਦਾ ਹੈ ਅਤੇ ਕਿਹੜਾ ਸੁਆਗਤ ਕਰਦਾ ਹੈ ਇਹ ਸਮਾਂ ਦੱਸੇਗਾ।

ਡੋਨਾਲਡ ਟਰੰਪ ਦਾ ਪੰਜਾਬੀਆਂ ਨਾਲ ਇਹ ਸਲੂਕ ਭਾਰਤ ਦੀ ਪ੍ਰਭੂਸਤਾ ਲਈ ਸਮੁੱਚੇ ਭਾਰਤ ਲਈ ਇੱਕ ਵੰਗਾਰ ਹੈ। ਯੂ.ਐਨ.ਓ ਚਾਰਟਰ ਦੇ ਅਨੁਸਾਰ ਕਿਸੇ ਵੀ ਦੇਸ਼ ਦਾ ਸੈਨਿਕ ਜਹਾਜ਼ ਦੂਸਰੇ ਦੇਸ਼ ਵਿੱਚ ਪ੍ਰਵੇਸ਼ ਨਹੀਂ ਕਰ ਸਕਦਾ। ਦੂਸਰਾ ਉਸ ਜਹਾਜ਼ ਅੰਦਰ ਭਾਰਤੀਆਂ ਦੀਆਂ ਮਸ਼ਕਾ ਬੰਨ ਕੇ (ਹੱਥਕੜੀਆ ਤੇ ਬੇੜੀਆਂ ਵਿੱਚ ਜਕੜ ਕੇ) ਲਿਆਉਣਾ ਇੱਕ ਸ਼ਰਮਨਾਕ ਕਰਤੂਤ ਹੈ। ਸਾਡੇ ਮੁਲਕ ਦੇ ਮੁਖੀ ਦੇ ਹਾਜ਼ਮੇ ਦੀ ਦਾਦ ਦੇਵੋ ਕਿ ਉਹ ਕੌਮ ਦੀ ਬੇਇਜ਼ਤੀ ਨੂੰ ਵੀ ਪੀ ਗਿਆ। ਇਸ ਤੋਂ ਬਾਅਦ ਕਨੇਡਾ, ਇੰਗਲੈਂਡ ਲਈ ਵੀ ਇਹ ਰਾਹ ਖੁੱਲ੍ਹ ਗਿਆ ਹੈ ਤੇ ਕੱਲ ਨੂੰ ਇਹ ਜਹਾਜ਼ ਫੇਰ ਪੰਜਾਬ ਵਿੱਚ ਉੱਤਰਨਗੇ ਤਾਂ ਭਾਰਤ ਦੇ ਹਵਾਈ ਅੱਡੇ ਉਹਨਾਂ ਦੇ ਸੈਨਿਕਾਂ ਲਈ ਬੇਸ ਬਣ ਜਾਣਗੇ। ਨਾਗਰਿਕ ਤਾਂ ਪਾਕਿਸਤਾਨ ਬੰਗਲਾ ਦੇਸ, ਲੰਕਾਂ ਦੇ ਵੀ ਉੱਥੇ ਹਨ ਪਰ ਇਥੇ ਪਹਿਲ ਕਰਨ ਲਈ ਪੰਜਾਬ ਨੂੰ ਹੀ ਕਿਉਂ ਚੁਣਿਆ ਗਿਆ ਇਹ ਹੁਕਮਰਾਨਾਂ ਦੇ ਸਿਰ ਜੋੜ ਕੇ ਸੋਚਣ ਦਾ ਵਿਸ਼ਾ ਹੈ ਤੇ ਪੰਜਾਬ ਲਈ ਇੱਕ ਖ਼ਤਰਾ ਵੀ ਹੈ ਕਿ ਲੁੱਟ ਦਾ ਸ਼ਿਕਾਰ ਹੋ ਕੇ ਅਤੇ ਇਹਨਾਂ ਸ਼ਰਮਨਾਕ ਹਾਲਤਾਂ ਵਿੱਚੋਂ ਉਹ ਆਪਣਾ ਘਾਟਾ ਪੂਰਾ ਕਰਨ ਲਈ ਗੈਂਗਸਟਰ, ਸਾਈਬਰਕ੍ਰਾਈਮਰ, ਲੁੱਟਾਂ ਖੋਹਾਂ ਕਰਨ ਵਾਲੇ ਜਾਂ ਕਿਸੇ ਵੱਖਰੇ ਖਿੱਤੇ ਦੀ ਮੰਗ ਕਰਨ ਵਾਲੇ ਲੋਕਾਂ ਦੇ ਸਮੂਹ ਵਿੱਚ ਸ਼ਾਮਿਲ ਹੋ ਕੇ 1980, 95 ਵਾਲਾ ਮਾਹੌਲ ਵੀ ਪੈਦਾ ਕਰ ਸਕਦੇ ਹਨ। ਕਿਉਂਕਿ ਸਾਹਿਤ ਅਤੇ ਗਿਆਨ ਉਹਨਾਂ ਦਾ ਬੌਧਿਕ ਆਧਾਰ ਨਹੀਂ ਹੈ ਸਾਡੀ ਇਹ ਬਦਕਿਸਮਤੀ ਹੈ ਕਿ ਅਸੀਂ ਪਿੱਛਲੱਗ ਜੋ ਬਿਨ੍ਹਾਂ ਸੋਚੇ ਸਮਝੇ ਜਜ਼ਬਾਤੀਪਣ ਦਾ ਸ਼ਿਕਾਰ ਹੋ ਕੇ ਨਵੀਆਂ ਮੁਸੀਬਤਾਂ ਪੰਜਾਬ ਨੂੰ ਸਹੇੜ ਕੇ ਦੇ ਸਕਦੇ ਹਾਂ। ਇਸ ਤਰ੍ਹਾਂ ਪੰਜਾਬ ਦੇ ਕਿਰਦਾਰ ਦੀ ਕੌਮਾਂ, ਵਿਰਾਸਤ ਦੀ, ਭਗਤ ਸਿੰਘ ਦੀ ਸੋਚ, ਗਦਰੀ ਬਾਬਿਆਂ ਦਾ ਰਾਹ ਭੁੱਲਾ ਕੇ ਪੁਰਖਿਆਂ ਦੀ ਪੱਗ ਨੂੰ ਰੋਲ ਸਕਦੇ ਹਾਂ। ਜਿਵੇਂ ਕਿ ਅੱਜ ਸਾਡੀ ਪੱਗ ਸਾਡੇ ਦੇਸ਼ ਦੀ ਪ੍ਰਭੂਸਤਾ ਦਾ ਸਵੈਮਾਨ ਪੈਰਾਂ ਹੇਠ ਪਿਆ ਹੈ। ਇਸ ਪੱਗ ਨੂੰ ਮੁੜ ਆਪਣੇ ਸਿਰ ਤੇ ਰੱਖ ਕੇ ਅਣਖ ਨਾਲ ਇਸ ਰੁਝਾਨ ਨੂੰ ਕਿਵੇਂ ਵੰਗਾਰਨਾਂ ਹੈ ਇਸ ਬਾਰੇ ਹੁਣੇ ਤੋਂ ਹੀ ਸੋਚਣਾ ਸਮੇਂ ਦੀ ਫੌਰੀ ਲੋੜ ਹੈ।

# ਤਸਵੀਰਾਂ ਬੋਲਦੀਆਂ



ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਚੰਦ ਪੁਰਾਣਾ ਵਿਖੇ ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਨੂੰ ਸਨਮਾਨਿਤ ਕਰਦੇ ਹੋਏ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਉਨ੍ਹਾਂ ਦੇ ਨਾਲ ਭਾਈ ਦਰਸ਼ਨ ਸਿੰਘ ਡਰੋਲੀ ਭਾਈ ਤੇ ਦਰਪਿੰਦਰ ਸਿੰਘ।



ਆਰ.ਕੇ.ਐਸ. ਸੀਨੀਅਰ ਸੈਕੰਡਰੀ ਸਕੂਲ ਮੋਗਾ ਦੀ ਛੇਵੀਂ ਕਲਾਸ ਦੀ ਗਿੱਧਾ ਅਤੇ ਭੰਗੜਾ ਟੀਮ ਸਾਲਾਨਾ ਫੰਕਸ਼ਨ ਸਮੇਂ ਯਾਦਗਾਰੀ ਤਸਵੀਰ ਵਿਚ।



ਗੁਰਮੀਤ ਸਿੰਘ ਸਪੁੱਤਰ ਸ. ਸੁਰਜੀਤ ਸਿੰਘ ਤੇ ਬੀਬੀ ਪਰਮਜੀਤ ਕੌਰ ਦਾ ਸ਼ੁਭ ਵਿਆਹ ਗੁਰਪ੍ਰੀਤ ਕੌਰ ਮਾਨਸਾ ਨਾਲ ਹੋਇਆ। ਯਾਦਾਗਰੀ ਤਸਵੀਰ ਵਿਚ ਕਰੀਰ ਫੈਮਿਲੀ ਦੇ ਨਾਲ ਪੁਰਬਾ ਫੈਮਿਲੀ।



ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਮੋਗਾ ਵੱਲੋਂ ਨਵੇਂ ਗੱਤਕਾ ਸਿੱਖ ਰਹੇ ਬੱਚਿਆਂ ਨੂੰ ਗਤਕਾ ਕਿੱਟਾਂ ਭੇਂਟ ਕੀਤੀਆਂ ਗਈਆਂ। ਕਿੱਟਾਂ ਭੇਂਟ ਕਰਨ ਸਮੇਂ ਜ਼ਿਲ੍ਹਾ ਪ੍ਰਧਾਨ ਸ੍ਰੀ ਗੋਕਲ ਚੰਦ ਬੁੱਘੀਪੁਰਾ, ਪ੍ਰੈੱਸ ਸਕੱਤਰ ਭਵਨਦੀਪ ਸਿੰਘ ਪੁਰਬਾ, ਟਰੱਸਟੀ ਸ. ਗੁਰਸੇਵਕ ਸਿੰਘ ਸੰਨਿਆਸੀ ਅਤੇ ਗਤਕਾ ਟੀਮ।

# ਕੇਰ ਵਾਲੀ ਖੂਹੀ ਕੜਿਆਲ ਦਾ ਸਲਾਨਾ ਸੱਤ ਰੋਜ਼ਾ ਮਹਾਨ ਸੰਤ ਸਮਾਗਮ ਸੰਪੰਨ







ਮੋਗਾ (ਮਵਦੀਲਾ ਬਿਓਰੋ) - ਧੰਨ ਧੰਨ ਬਾਬਾ ਨਰਾਇਨ ਹਰੀ ਜੀ ਦੀ ਅਤੇ ਸੱਚਖੰਡ ਵਾਸੀ ਸੰਤ ਬਾਬਾ ਪਾਲਾ ਸਿੰਘ ਜੀ ਦੀ ਯਾਦ ਵਿੱਚ ਗੁਰਦੁਆਰਾ ਕੇਰ ਵਾਲੀ ਖੂਹੀ ਕੜਿਆਲ ਵਿਖੇ ਸਲਾਨਾ ਸੱਤ ਦਿਨਾ ਮਹਾਨ ਸੰਤ ਸਮਾਗਮ 01 ਮਾਰਚ 2025 ਤੋਂ 07 ਮਾਰਚ 2025 ਤੱਕ ਮੁੱਖ ਸੇਵਾਦਾਰ ਸੰਤ ਬਾਬਾ ਪਵਨਦੀਪ ਸਿੰਘ ਜੀ ਦੀ ਸਰਪ੍ਰਸਤੀ ਹੇਠ ਸੰਪੰਨ ਹੋਇਆਂ। ਇਨ੍ਹਾਂ ਸਮਾਗਮਾ ਵਿੱਚ ਹਰ ਰੋਜ ਸ਼ਾਮ 7 ਵਜੇ ਤੋਂ ਰਾਤ 11 ਵਜੇ ਤੱਕ ਧਾਰਮਿਕ ਦੀਵਾਨ ਸਜੇ ਜਿਸ ਵਿੱਚ ਪ੍ਰਸਿਧ ਕਥਾ ਵਾਚਕ ਅਤੇ ਮਹਾਂਪੁਰਖਾਂ ਨੇ ਆਪਣੇ ਪ੍ਰਵਚਨਾ ਦੁਆਰਾ ਸੰਗਤਾ ਨੂੰ ਨਿਹਾਲ ਕੀਤਾ। 6 ਮਾਰਚ ਨੂੰ ਅੰਮ੍ਰਿਤ ਸੰਚਾਰ ਹੋਇਆ।

ਸੱਤ ਦਿਨਾ ਦੇ ਰਾਤ ਦੇ ਦੀਵਾਨਾ ਦੀ ਸੰਪੂਰਨਤਾ ਤੇ ਸੁਭਾ 10 ਵਜੇ ਸਪਤਾਹਿਕ ਪਾਠ ਦੇ ਭੋਗ ਪਾਏ ਗਏ। ਭੋਗ ਉਪਰੰਤ ਧਾਰਮਿਕ ਦੀਵਾਨ ਸਜੇ। ਸੱਤ ਦਿਨ੍ਹਾਂ ਸਮਾਗਮ ਦੌਰਾਨ ਵਿੱਚ ਸੰਤ ਬਾਬਾ ਮਹਿੰਦਰ ਸਿੰਘ ਜੀ ਜਨੇਰ, ਭਾਈ ਸਗਨਦੀਪ ਸਿੰਘ ਜੀ ਅੰਮ੍ਰਿਤਸਰ, ਸੰਤ ਬਾਬਾ ਲਵਪ੍ਰੀਤ ਸਿੰਘ ਜੀ, ਭਾਈ ਦਵਿੰਦਰ ਸਿੰਘ ਜੀ ਫਤਿਹਗੜ੍ਹ, ਸੰਤ ਬਾਬਾ ਪਰਮਜੀਤ ਸਿੰਘ ਜੀ ਬਾਘਾ ਪੁਰਾਣਾ, ਸੰਤ ਬਾਬਾ ਸਤਨਾਮ ਸਿੰਘ ਜੀ ਮਸਕੀਨ ਕਪੂਰੇ, ਬੀਬੀ ਪਰਮਜੀਤ ਕੌਰ, ਭਾਈ ਹਰਕ੍ਰਿਸ਼ਨ ਸਿੰਘ ਜੀ, ਬਾਬਾ ਗੁਰਦੀਪ ਸਿੰਘ ਜੀ ਭੈਣੀ ਖੁਰਦ, ਬਾਬਾ ਜਗਮੀਤ ਸਿੰਘ ਅਵਾਲ ਕੋਟਲੀ, ਸੰਤ ਬਾਬਾ ਗੁਰਪ੍ਰੀਤ ਸਿੰਘ ਜੀ, ਭਾਈ ਸਰਬਜੀਤ ਸਿੰਘ ਜੀ ਭਰੋਵਾਲ, ਭਾਈ ਹਰਮੰਦਰ ਸਿੰਘ ਬੁੱਟਰ, ਭਾਈ ਯਾਦਵਿੰਦਰ ਸਿੰਘ ਫਤਿਹਗੜ੍ਹ ਪੰਜਤੂਰ, ਭਾਈ ਮਨਜਿੰਦਰ ਸਿੰਘ ਰੌਲੀ, ਸੰਤ ਬਾਬਾ ਰਛਪਾਲ ਸਿੰਘ ਜੀ ਰੌਲੀ, ਸੰਤ ਬਾਬਾ ਗੁਰਸ਼ਰਨ ਸਿੰਘ ਜੀ ਤਲਵੰਡੀ ਭਾਈ, ਸੰਤ ਬਾਬਾ ਭੋਲਾ ਸਿੰਘ ਜੀ ਬੱਡੂਵਾਲ, ਸੰਤ ਬਾਬਾ ਸ਼ੇਰ ਸਿੰਘ ਜੀ ਕੋਟ ਈਸੇ ਖਾਂ, ਸੰਤ ਬਾਬਾ ਜਤਿੰਦਰ ਸਿੰਘ ਜੀ, ਭਾਈ ਗੁਰਮੇਲ ਸਿੰਘ ਕਿਸ਼ਨਪੁਰਾ, ਭਾਈ ਲਵਪ੍ਰੀਤ ਸਿੰਘ ਕਪੂਰੇ, ਸੰਤ ਬਾਬਾ ਜਤਿੰਦਰ ਸਿੰਘ ਜੀ ਢੱਕੀਆਂ ਵਾਲੇ, ਸੰਤ ਬਾਬਾ ਭੋਲਾ ਸਿੰਘ ਜੀ ਬੱਡੂਵਾਲ, ਭਾਈ ਬਲਵਿੰਦਰ ਸਿੰਘ ਜੀ ਰੌਲੀ, ਸੰਤ ਬਾਬਾ ਸ਼ਿੰਦਰ ਸਿੰਘ ਜੀ ਕੋਟ ਸਦਰ ਖਾਂ, ਮਨਜਿੰਦਰ ਸਿੰਘ ਜੀ ਰੌਲੀ ਆਦਿ ਹੋਰ ਕਈ ਸੰਤਾ ਮਹਾਂਪੁਰਖਾ ਨੇ ਆਪਣੇ ਪ੍ਰਵਚਨਾ ਦੁਆਰਾ ਸੰਗਤਾ ਨੂੰ ਨਿਹਾਲ ਕੀਤਾ।

ਸਮਾਗਮਾਂ ਦਾ ਏਕਨੂਰ ਟੀ.ਵੀ. ਚੈਨਲ ਤੇ ਸਿੱਧਾ ਪ੍ਰਸ਼ਾਰਨ ਹੋਇਆ। 'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਸਮੁੱਚੇ ਸਮਾਗਮ ਦੀ ਪ੍ਰੈਸ ਕਵਰੇਜ ਕੀਤੀ ਗਈ। ਸਟੇਜ ਦੀ ਸੇਵਾ ਜਥੇਦਾਰ ਕੁਲਵਿੰਦਰ ਸਿੰਘ ਧਰਮਕੋਟ ਵਾਲਿਆ ਨੇ ਨਿਭਾਈ। ਇਹ ਸਮਾਗਮਾਂ ਵਿੱਚ ਹੋਰਨਾਂ ਤੋਂ ਇਲਾਵਾ ਸ. ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ), ਸੁਖਜੀਵਨ ਸਿੰਘ ਸੁੱਖਾ ਮੋਗਾ, ਭਾਈ ਮਲਕੀਤ ਸਿੰਘ ਪੰਖੇਰੂ ਲੋਹਗੜ੍ਹ, ਢਾਡੀ ਜਸਵਿੰਦਰ ਸਿੰਘ ਸਰਾਵਾ ਆਦਿ ਤੋਂ ਇਲਾਵਾ ਕਈ ਨਾਮਵਰ ਸ਼ਖਸੀਅਤਾਂ ਮੁੱਖ ਤੌਰ 'ਤੇ ਹਾਜ਼ਰ ਸਨ।

ਵਧੀਆ ਕੁਆਲਟੀ ਵਿੱਚ
ਫਲੈਕਸਾ, ਵਾਲਪੇਪਰ
ਬਣਵਾਉਣ ਅਤੇ ਫਲੈਕਸਾ ਲਗਵਾਉਣ ਲਈ
ਜੰਤਰੀਆਂ, ਕੈਲੰਡਰ, ਮੈਗਜੀਨ, ਪੁਸਤਕਾਂ, ਡਾਇਰੀਆਂ,
ਛਪਵਾਉਣ ਅਤੇ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਲਈ ਸੰਪਰਕ ਕਰੋ:
ਮਹਿਕ ਵਤਨ ਦੀ (ਰਜਿ:) ਫਰਮਜ
Help Line: 9988-92-9988
E-mail: mehakwattandi@rediffmail.com
www.mehakwatandilive.com

## ਸਾਡੇ ਵਿਹੜੇ ਆਏ ਮਹਿਮਾਨ

'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਜੀ ਆਇਆ ਨੂੰ'



ਸਾਡੇ ਨੰਨ੍ਹੇ ਮਹਿਮਾਨ ਅਬੀਰ ਬੇਦੀ ਆਸਟ੍ਰੇਲੀਆ ਅਤੇ ਅਰਬੀਨ ਬੇਦੀ ਆਸਟ੍ਰੇਲੀਆ 'ਮਹਿਕ ਵਤਨ ਦੀ ਲਾਈਵ' ਬਿਊਰੋ ਦੇ ਮੋਗਾ ਦਫ਼ਤਰ ਵਿਖੇ ਹਾਜ਼ਰ ਹੋਏ। ਉਨ੍ਹਾਂ ਦੇ ਨਾਲ ਉਮੰਗਦੀਪ ਕੌਰ ਪੁਰਬਾ, ਏਕਮਜੋਤ ਸਿੰਘ ਪੁਰਬਾ ਅਤੇ ਚੰਦਨਪ੍ਰੀਤ ਕੌਰ।





ਸਾਡੇ ਵਿਹੜੇ ਆਏ ਮਹਿਮਾਨ : ਬਲਕਰਨ ਸਿੰਘ ਕੈਨੇਡਾ ਅਤੇ ਗੁਰਨਵਲ ਕੌਰ ਕੈਨੇਡਾ ਆਪਣੀ ਮੈਰਿਜ ਤੋਂ ਬਾਅਦ ਪਹਿਲੀ ਵਾਰ 'ਮਹਿਕ ਵਤਨ ਦੀ ਲਾਈਵ' ਬਿਊਰੋ ਦੇ ਮੋਗਾ ਦਫ਼ਤਰ ਵਿਖੇ ਹਾਜ਼ਰ ਹੋਏ। ਇਸ ਮੌਕੇ ਉਹਨਾਂ ਦੇ ਨਾਲ ਸ. ਰਣਜੀਤ ਸਿੰਘ ਕੁਠਾਲਵੀ ਅਤੇ ਮੈਡਮ ਹਰਪ੍ਰੀਤ ਕੌਰ ਵੀ ਮੁੱਖ ਤੌਰ 'ਤੇ ਹਾਜ਼ਰ ਸਨ। 'ਮਹਿਕ ਵਤਨ ਦੀ ਲਾਈਵ' ਬਿਊਰੋ ਵੱਲੋਂ ਸੁਭਾਗੀ ਜੋੜੀ ਨੂੰ ਵਿਆਹ ਦੀਆਂ ਹਾਰਦਿਕ ਸ਼ੁਭਕਾਮਨਾਵਾਂ ਅਤੇ ਦਫ਼ਤਰ ਵਿਚ ਪਹੁੰਚਣ ਤੇ 'ਜੀ ਆਇਆਂ' ਨੂੰ।



ਦਿਲਪ੍ਰੀਤ ਸਿੰਘ ਦਿਲੀ ਆਸਟ੍ਰੇਲੀਆ ਤੇ ਜੋਤੀ ਆਸਟ੍ਰੇਲੀਆ 'ਮਹਿਕ ਵਤਨ ਦੀ ਲਾਈਵ' ਬਿਊਰੋ ਦੇ ਮੋਗਾ ਦਫ਼ਤਰ ਵਿਖੇ ਹਾਜ਼ਰ ਹੋਏ। ਉਨ੍ਹਾਂ ਦੇ ਨਾਲ ਉੱਪ ਮੁੱਖ ਸੰਪਾਦਕ ਭਾਗਵੰਤੀ ਪੁਰਬਾ, ਸ੍ਰੀਮਤੀ ਕਰਮਜੀਤ ਕੌਰ, ਉਮੰਗਦੀਪ ਕੌਰ ਪੁਰਬਾ, ਏਕਮਜੋਤ ਕੌਰ ਪੁਰਬਾ ਅਤੇ ਚੰਦਨਪ੍ਰੀਤ ਕੌਰ



ਮਨਪ੍ਰੀਤ ਸਿੰ ਬੇਦੀ ਤੇ ਹਰਮੀਤ ਕੌਰ ਬੇਦੀ ਆਪਣੇ ਪਰਿਵਾਰ ਸਮੇਤ 'ਮਹਿਕ ਵਤਨ ਦੀ ਲਾਈਵ ਬਿਊਰੋ' ਦੇ ਦਫ਼ਤਰ ਵਿਖੇ ਹਾਜ਼ਰ ਹੋਏ। ਉਨ੍ਹਾਂ ਦੇ ਨਾਲ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਉੱਪ ਮੁੱਖ ਸੰਪਾਦਕ ਭਾਗਵੰਤੀ ਪੁਰਬਾ, ਸ੍ਰੀਮਤੀ ਕਰਮਜੀਤ ਕੌਰ ਅਤੇ ਅਮਨਦੀਪ ਕੌਰ।

ਫੋਟੋਆ ਅਤੇ ਵੇਰਵਾ : ਮਹਿਕ ਵਤਨ ਦੀ ਲਾਈਵ ਬਿਊਰੋ



# ਖਾਲਸੇ ਦੇ ਜਨਮ ਦਿਹਾੜੇ ਵਿਸ਼ਾਖੀ ਤੇ ਵਿਸ਼ੇਸ਼ ਸਪਲੀਮੈਂਟ



ਸਮੂੰਹ ਸੰਗਤ ਨੂੰ ਵਿਸ਼ਾਖੀ ਦੇ ਦਿਹਾੜੇ ਦੀਆਂ ਲੱਖ-ਲੱਖ ਮੁਬਾਰਕਾਂ ਅਤੇ ਇਸ ਸਪਲੀਮੈਂਟ ਵਿੱਚ ਸਹਿਯੋਗ ਦੇਣ ਵਾਲੇ ਸੰਤਾਂ ਮਹਾਪੁਰਖਾਂ ਦਾ ਹਾਰਦਿਕ ਧੰਨਵਾਦ!

ਵੱਲੋ: **ਭਵਨਦੀਪ ਸਿੰਘ ਪੁਰਬਾ** (ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ) ਵਟਸਐਪ: 9988-92-9988




ਦੇਸ਼ਾ ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਜੀ ਨੂੰ ਖਾਲਸੇ ਦੇ ਜਨਮ ਦਿਹਾੜੇ **ਵਿਸਾਖੀ** ਦੀਆਂ ਲੱਖ-ਲੱਖ ਮੁਬਾਰਕਾਂ।





ਮੁੱਖ ਸੇਵਾਦਾਰ :
**ਬਾਬਾ ਜਗਤਾਰ ਸਿੰਘ ਜੀ ਵੜ੍ਹਿਆ ਵਾਲੇ**
Mob. 81466-37096

ਇਸ ਪਵਿੱਤਰ ਅਸਥਾਨ ਤੇ ਹਰ ਮਹੀਨੇ ਮੱਸਿਆਂ ਦਾ ਦਿਹਾੜਾ ਮਨਾਇਆ ਜਾਂਦਾ ਹੈ। ਭੋਗ ਉਪਰੰਤ ਧਾਰਮਿਕ ਦੀਵਾਨ ਸਜਦੇ ਹਨ। ਸਮੂੰਹ ਸੰਗਤ ਨੂੰ ਇਸ ਮੌਕੇ ਹਾਜਰ ਹੋਣ ਦਾ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ ਜੀ।

**ਗੁਰਦੁਆਰਾ ਕੁਟੀਆ ਸਾਹਿਬ**
ਦੌਧਰ ਵਾਲੀ ਸੜਕ ਉੱਪਰ, ਪਿੰਡ ਬੁੱਟਰ ਕਲਾਂ (ਜਿਲ੍ਹਾਂ ਮੋਗਾ)



ਦੇਸ਼ਾ ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਜੀ ਨੂੰ ਖਾਲਸੇ ਦੇ ਜਨਮ ਦਿਹਾੜੇ **ਵਿਸਾਖੀ** ਦੀਆਂ ਲੱਖ-ਲੱਖ ਮੁਬਾਰਕਾਂ।



ਮੁੱਖ ਸੇਵਾਦਾਰ
**ਸੰਤ ਬਾਬਾ ਸੁਰਿੰਦਰ ਸਿੰਘ ਜੀ**
ਸੁਭਾਨਾ (ਜਲੰਧਰ) ਵਾਲੇ
ਸੰਪਰਕ: 84381-13000

**ਗੁਰਦੁਆਰਾ ਅਕਾਲ ਬੁੰਗਾ ਸਾਹਿਬ**
ਨੇੜੇ ਗੜ੍ਹਾ ਮੰਡੀ, ਸੁਭਾਨਾ (ਜਲੰਧਰ) ਪੰਜਾਬ



ਦੇਸ਼ਾ ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਨੂੰ ਖਾਲਸੇ ਦੇ ਜਨਮ ਦਿਹਾੜੇ **ਵਿਸਾਖੀ** ਦੀਆਂ ਲੱਖ-ਲੱਖ ਮੁਬਾਰਕਾਂ।

ਨੋਟ: ਇਸ ਅਸਥਾਨ ਤੇ ਹਰ ਐਤਵਾਰ ਨੂੰ ਦੁੱਖ ਨਿਵਾਰਨ ਕੈਂਪ ਲਗਦਾ ਹੈ।



**ਗੁਰਦੁਆਰਾ ਨਾਨਕਸਰ ਸਾਹਿਬ**
**ਨਾਨਕਸਰ ਨਗਰ ਜੰਡਿਆਲਾ ਗੁਰੂ**
(ਸ਼੍ਰੀ ਅੰਮ੍ਰਿਤਸਰ ਸਾਹਿਬ) ਪੰਜਾਬ
ਮੁੱਖ ਸੇਵਾਦਾਰ: **ਬਾਬਾ ਬਿਬੇਕ ਸਿੰਘ ਜੀ**
Contact: 97810-13856, 88720-10113



ਦੇਸ਼ਾ ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਜੀ ਨੂੰ ਖਾਲਸੇ ਦੇ ਜਨਮ ਦਿਹਾੜੇ **ਵਿਸਾਖੀ** ਦੀਆਂ ਲੱਖ-ਲੱਖ ਮੁਬਾਰਕਾਂ।

With best wishes from:
**ਵੈਦ ਸੰਤ ਬਾਬਾ ਰਾਮ ਸਿੰਘ ਜੀ**
ਸਰਪ੍ਰਸਤ ਸ਼੍ਰੋਮਣੀ ਪੰਜਾਬੀ ਵੈਦ ਮੰਡਲ, ਪੰਜਾਬ (ਰਜਿ:) ਅੰਮ੍ਰਿਤਸਰ ਸਾਹਿਬ
ਸੰਪਰਕ: 98144-87612



ਇੱਥੇ ਹਰ ਬਿਮਾਰੀ ਦਾ ਇਲਾਜ ਜਿਵੇਂ ਸ਼ੂਗਰ, ਬਵਾਸੀਰ, ਜੋੜਾਂ ਦੇ ਦਰਦ, ਬਲੱਡ ਪ੍ਰੈਸ਼ਰ, ਵਜਨ ਘਟਣਾ ਵਧਣਾ, ਹਾਰਟ ਅਟੈਕ, ਨਾੜਾਂ ਦੀ ਬਲੋਕੇਜ, ਖੂਨ ਦੀਆਂ ਗੰਡਾਂ, ਸੰਗਰਹਿਣੀ, ਹਰਨੀਆਂ, ਕੈਂਸਰ, ਕਾਲਾ ਪੀਲੀਆ, ਦਮਾ, ਖਾਂਸੀ, ਜੁਕਾਮ, ਔਰਤਾਂ ਦੀਆਂ ਮਾਸਕ ਪ੍ਰੋਬਲਮ, ਸਿਹਤ ਨਾ ਬਣਨਾ, ਮੋਟਾਪਾ, ਅਧਰੰਗ, ਸ਼ਕਰਾਣੂਆਂ ਦੀ ਕਮੀ, ਨਪੁੰਸਕਤਾ, ਟਾਈਫਾਈਡ, ਲੀਵਰ ਦੇ ਰੋਗ, ਚਮੜੀ ਦੇ ਰੋਗ ਵਗੈਰਾ ਬੀਮਾਰੀਆਂ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਬਿਨਾ ਤਕਲੀਫ ਨਸ਼ਾ ਛੱਡੋ ਸਿਰਫ 45 ਦਿਨਾਂ ਵਿੱਚ, ਬੇ-ਔਲਾਦ ਜੋੜੇ ਜਰੂਰ ਮਿਲਣ ਦੇਸੀ ਇਲਾਜ ਕੀਤਾ ਜਾਂਦਾ ਹੈ।



ਦੇਸ਼ਾ ਵਿਦੇਸ਼ਾ ਵਿੱਚ ਵਸਦੀ ਸਮੂੰਹ ਸੰਗਤ ਨੂੰ ਖਾਲਸੇ ਦੇ ਜਨਮ ਦਿਹਾੜੇ **ਵਿਸਾਖੀ** ਦੀਆਂ ਲੱਖ-ਲੱਖ ਮੁਬਾਰਕਾਂ।

ਮਹਿਕ ਵਤਨ ਦੀ ਰੋਜਾਨਾ ਆਨਲਾਈਨ ਅਖਬਾਰ, ਮਾਸਿਕ ਮੈਗਜੀਨ (ਪ੍ਰੈਟ ਐਡੀਸ਼ਨ) ਅਤੇ ਵੈਬ ਟੀ.ਵੀ ਤੇ ਖਬਰਾਂ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:

ਲੇਖਕ, ਪੱਤਰਕਾਰ ਅਤੇ ਅਦਾਕਾਰ
**ਰਾਜਵਿੰਦਰ ਰੌਂਤਾ**
ਪਿੰਡ ਰੌਂਤਾ (ਨਿਹਾਲ ਸਿੰਘ ਵਾਲਾ)
ਸੰਪਰਕ: 98764-86187



ੴ ਸਤਿਗੁਰ ਪ੍ਰਸਾਦਿ ॥

## ਸਮੂਹ ਸਾਧ ਸੰਗਤ ਜੀ ਨੂੰ ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਦੀਆਂ ਲੱਖ-ਲੱਖ ਮੁਬਾਰਕਾਂ !

ਮਾਲਵੇ ਦਾ ਪ੍ਰਸਿੱਧ ਧਾਰਮਿਕ ਅਸਥਾਨ

# ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ


ਧੰਨ ਧੰਨ ਸ਼ਹੀਦ ਬਾਬਾ ਤੇਗਾ ਸਿੰਘ ਜੀ

**ਧੰਨ ਧੰਨ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੀ ਯਾਦ ਵਿਚ ਸਲਾਨਾ ਸ਼ਹੀਦੀ ਜੋੜ ਮੇਲਾ ਅਤੇ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਯਾਦ ਵਿਚ ਸਲਾਨਾ ਸਮਾਗਮ ਸਮੇਂ ਦੀਆਂ ਝਲਕੀਆਂ**


ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ


ਸਟੇਜ 'ਤੇ ਬਿਰਾਜਮਾਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਅਤੇ ਗੁਰੂ ਜੀ ਦੀ ਹਜ਼ੂਰੀ ਵਿਚ ਸੁਸ਼ੋਭਿਤ ਪੰਜ ਪਿਆਰੇ।


ਚੰਦ ਪੁਰਾਣੇ ਦੇ ਸਲਾਨਾ ਸ਼ਹੀਦੀ ਜੋੜ ਮੇਲੇ ਮੌਕੇ ਹਾਜ਼ਰ ਸੰਤ ਮਹਾਂਪੁਰਖ ਸਟੇਜ ਤੋਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ।


ਚੰਦ ਪੁਰਾਣੇ ਦੇ ਸਲਾਨਾ ਸ਼ਹੀਦੀ ਜੋੜ ਮੇਲੇ 'ਤੇ ਪਹੁੰਚੇ ਹੋਏ ਸੰਤਾਂ ਮਹਾਂਪੁਰਸ਼ਾਂ ਨੂੰ ਸਨਮਾਨਿਤ ਕਰਦੇ ਹੋਏ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ


ਸ਼ਹੀਦੀ ਜੋੜ ਮੇਲੇ 'ਤੇ ਪਹੁੰਚੇ ਹੋਏ ਸੰਤਾਂ ਮਹਾਂਪੁਰਸ਼ਾਂ ਅਤੇ ਏ.ਡੀ.ਜੀ.ਪੀ. ਸ਼ਰਦ ਸਤਿਆ ਚੌਹਾਨ ਜੀ ਨੂੰ ਸਨਮਾਨਿਤ ਕਰਦੇ ਹੋਏ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ


ਛਬੀਲਾਂ, ਲੰਗਰਾਂ, ਖ਼ੂਨਦਾਨ ਕੈਂਪ, ਜੋੜਾ ਘਰ ਆਦਿ ਵਿਚ ਆਪਣੀਆਂ-ਆਪਣੀਆਂ ਸੇਵਾਵਾਂ ਨਿਭਾਉਂਦੇ ਹੋਏ ਸੇਵਾਦਾਰ।

ਦੇਸ਼ਾਂ-ਵਿਦੇਸ਼ਾਂ ਵਿਚੋਂ ਧੰਨ ਧੰਨ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੇ ਸਲਾਨਾ ਜੋੜ ਮੇਲੇ ਅਤੇ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਸਲਾਨਾ ਬਰਸੀ ਮੌਕੇ ਦੇਸ਼ਾਂ-ਵਿਦੇਸ਼ਾਂ ਵਿਚੋਂ ਹਾਜ਼ਰ ਹੋਈਆਂ ਸਾਰੀਆਂ ਸੰਗਤਾਂ ਦਾ ਅਤੇ ਇਨ੍ਹਾਂ ਸਮਾਗਮਾਂ ਵਿਚ ਸੇਵਾ ਕਰਨ ਵਾਲੇ ਸਾਰੇ ਸੇਵਾਦਾਰਾਂ ਦਾ

## ਹਾਰਦਿਕ ਧੰਨਵਾਦ ! ਜੀ ਆਇਆਂ ਨੂੰ !



# ਵੱਲੋਂ - ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਜੀ

ਪ੍ਰਬੰਧਕ ਕਮੇਟੀ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਅਤੇ ਸਮੂਹ ਇਲਾਕਾ ਨਿਵਾਸੀ ਪਿੰਡ ਚੰਦਪੁਰਾਣਾ (ਮੋਗਾ) ਫ਼ੋਨ : 98148-41305

Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016